# ਗੁਰਬਾਣੀ ਵਿਚਾਰ

## 53

### ਧਰਮ ਯਾ ਮਜ਼ਹਬ

ਭਾਗ—8

'ਖੋਜੀ'

# ਭਾਗ 8

ਹਰ ਇਕ ਖ਼ਿਆਲ ਯਾ ਕਰਮ ਦੇ ਪਿਛੇ ਕੋਈ ਭਾਵਨਾ (Feelings) ਹੁੰਦੀ ਹੈ । **'ਭਾਵਨਾ' ਦੀ ਸੂਖਮਤਾ ਅਤੇ ਤੀਬਰਤਾ** (Intensity and sublimity of feelings) ਵਿਚ **ਅਮਿਤ ਸ਼ਕਤੀ** (Limitless dynamic power) ਹੁੰਦੀ ਹੈ— ਜਿਸ ਦੇ ਹੈਰਾਨ ਕਰਨ ਵਾਲੇ ਚਮਤਕਾਰ (Wonderful miracles) ਨਿਕਲਦੇ ਹਨ ।

ਇਸੇ ਤਰ੍ਹਾਂ, ਧਾਰਮਿਕ ਕਰਮ·ਕਿਰਿਆ ਦੇ ਪਿਛੋਕੜ ਵਿਚ, ਖ਼ਿਆਲਾਂ ਯਾ **'ਸ਼ਰਧਾ ਭਾਵਨੀ' ਹੁੰਦੀ ਹੈ ।**

ਏਸੇ ਭਾਵਨੀ ਦੀ ਤਹਿ ਵਿਚ :

ਨਿਸਚਾ

ਸ਼ਰਧਾ

ਸੇਧ

ਲਾਲਸਾ

ਭੁੱਖ

ਤੀਬਰਤਾ

ਖਿਚ,

ਅਨੁਸਾਰ ਹੀ, ਖ਼ਿਆਲਾਂ ਅਤੇ ਕਰਮਾਂ ਦੇ **ਨਤੀਜੇ ਨਿਕਲਦੇ ਹਨ ।**

"ਸਤਿਗੁਰ ਧਰਤੀ ਧਰਮ ਹੈ,
ਤਿਸ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ ॥...
ਜਾ ਸਤਿਗੁਰੁ ਸਰਾਫੁ ਨਦਰਿ ਕਰਿ ਦੇਖੈ,
ਸੁਆਵਗੀਰ ਸਭਿ ਉਘੜਿ ਆਏ ॥
ਓਇ ਜੇਹਾ ਚਿਤਵਹਿ ਨਿਤ ਤੇਹਾ ਪਾਇਨਿ,
ਤੇਹੋ ਜੇਹੇ ਦਯਿ ਵਜਾਏ ॥" (ਪੰਨਾ—303)

"ਸਤਿਗੁਰ ਪੁਰਖੁ ਅਗੰਮੁ ਹੈ, ਨਿਰਵੈਰੁ ਨਿਰਾਲਾ ॥
ਜੇਹਾ ਮੂਹੁ ਕਰਿ ਭਾਲੀਐ ਤੇਹੋ ਵੇਖਾਲਾ ॥" (ਵਾ: ਭਾ: ਗੁ: 34/1)

"ਸਤਿਗੁਰ ਨੂੰ ਜੇਹਾ ਕੋ ਇਛਦਾ, ਤੇਹਾ ਫਲੁ ਪਾਏ ਕੋਇ ॥
ਨਾਨਕ ਕਰਤਾ ਸਭ ਕਿਛੁ ਜਾਣਦਾ, ਜਿਦੂ ਕਿਛੁ ਗੁਝਾ ਨ ਹੋਇ ॥"
(ਪੰਨਾ—302)

"**ਜੇਹਾ ਭਾਉ ਤੇਹੋ ਫਲੁ ਪਾਇਆ ॥**" (ਵਾ: ਭਾ: ਗੁ: 26/10)

"ਜੇਹਾ ਸਤਿਗੁਰੁ ਕਰਿ ਜਾਣਿਆ, **ਤੇਹੋ ਜਹਾ ਸੁਖੁ ਹੋਇ ॥**"

ਏਹੁ ਸਹਸਾ ਮੂਲੇ ਨਾਹੀ, **ਭਾਉ ਲਾਏ ਜਨੁ ਕੋਇ ॥**" (ਪੰਨਾ—30)

"ਏਕ ਨਦਰਿ ਕਰਿ ਵੇਖੈ ਸਭ ਊਪਰਿ,

ਜੇਹਾ ਭਾਉ ਤੇਹਾ ਫਲੁ ਪਾਈਐ ॥" (ਪੰਨਾ—602)

ਏਥੇ ਇਕ ਹੋਰ ਗਲ ਦਸਣੀ ਜ਼ਰੂਰੀ ਹੈ, ਕਿ **ਭਾਵਨਾ ਅਨੁਸਾਰ ਹੀ ਸਾਡੇ 'ਕਰਮਾਂ' ਦੀ 'ਅਹਿਮੀਅਤ' ਅਤੇ 'ਕੀਮਤ' ਦਾ ਨਿਰਨਾ ਹੁੰਦਾ ਹੈ।** ਦੂਜੇ ਲਫ਼ਜ਼ਾਂ ਵਿਚ, **ਕਰਮਾਂ ਨਾਲੋਂ—ਉਹਨਾਂ ਦੇ ਪਿਛੋਕੜ ਵਿਚ ਭਾਵਨਾਵਾਂ ਦੀ**, ਜ਼ਿਆਦਾ **ਮਹਤਤਾ ਅਤੇ ਕੀਮਤ ਹੁੰਦੀ ਹੈ।**

Motivating feelings *behind our actions* are *more important and valuable than the Action itself.*

ਇਹ ਭਾਵਨਾਵਾਂ **ਬੜੀਆਂ ਡੂੰਘੀਆਂ ਅਤੇ ਸ਼ਕਤੀਸ਼ਾਲੀ ਹੋ ਸਕਦੀਆਂ ਹਨ**, ਜਿਸ ਅਨੁਸਾਰ ਸਾਡੇ ਕਰਮਾਂ ਦਾ **ਚੰਗਾ ਯਾ ਮਾੜਾ 'ਫਲ' ਲਗਦਾ ਹੈ।**

ਇਹ ਅਟੱਲ ਕੁਦਰਤੀ ਨਿਯਮ ਠੁਲੇ ਸਰੀਰਕ ਕਰਮਾਂ ਤੋਂ ਇਲਾਵਾ, ਸੂਖਮ :—

ਖਿਆਲਾਂ

ਵਲਵਲਿਆਂ

ਵਿਉਂਤਾਂ

ਰੀਝਾਂ

ਸੇਵਾ

**ਪ੍ਰੀਤ**

ਪਿਆਰ

**ਉਪਾਸ਼ਨਾ**

**ਭਗਤੀ**

**ਈਰਖਾ**

**ਦਵੈਤ**

**ਸਾੜਾ**

**ਘਿਰਨਾ**

ਆਦਿ, **ਸਾਡੇ ਜੀਵਨ ਦੇ ਹਰ 'ਪੱਖ' ਦੇ ਪਿਛੋਕੜ ਵਿਚ, ਗੁੱਝੇ ਤੌਰ ਤੇ, ਗੁਪਤੋ-ਗੁਪਤੀ** ਕੰਮ **ਕਰਦਾ ਹੈ**, ਜਿਸ ਨੂੰ ਸਾਡੀ **ਅਲਪ-ਬੁੱਧੀ ਸਮਝਣ ਤੋਂ ਅਸਮਰਥ ਹੈ।**

ਇਹਨਾਂ ਡੂੰਘੇ, **ਗੁਝੇ ਵਲਵਲਿਆਂ ਅਨੁਸਾਰ ਹੀ**, ਸਾਡਾ **'ਜੀਵਨ' ਬਣਦਾ ਅਤੇ ਖਿਨ-ਖਿਨ ਬਦਲਦਾ ਰਹਿੰਦਾ ਹੈ।**

ਇਸ ਤਰ੍ਹਾਂ **'ਆਪੂ-ਘੜੇ' ਹੋਏ 'ਜੀਵਨ'** (Personality) ਦੀ
**'ਰੰਗਤ' ਯਾ 'ਹਵਾੜ'**
**ਹੀ**, ਸਾਡਾ, **ਆਪੋ-ਆਪਣਾ, ਅਮਲੀ, ਵਿਆਪਕ,**
**'ਨਿਜੀ-ਧਰਮ' ਹੈ** !

**ਉਪਰੋਂ ਦਿਖਾਵੇ ਮਾਤਰ, ਭਾਵੇਂ ਅਸੀਂ** ਕੋਈ ਭੀ **ਅਖੌਤੀ ਧਰਮ ਧਾਰੀ ਫਿਰੀਏ** !

ਇਹ **ਸੂਖਮ ਭਾਵਨਾਵਾਂ** :—

ਪਿਛਲੇ ਜਨਮ ਦੇ ਸੰਸਕਾਰਾਂ
ਹੁਣ ਦੇ ਵਾਤਾਵਰਨ, ਅਤੇ
'ਸੰਗਤ'

ਉਤੇ ਆਧਾਰਤ ਅਤੇ ਨਿਰਭਰ ਹਨ।

ਜ਼ਿਆਦਾ ਤਰ ਲੋਕ, ਹੇਠ ਲਿਖੀਆਂ 'ਸੰਸਾਰਕ, ਤੇ 'ਪਰਮਾਰਥਕ' **ਪ੍ਰਾਪਤੀਆਂ ਲਈ**, 'ਧਰਮ' ਜਾਂ ਇਸ ਦੀਆਂ ਅਨੇਕਾਂ ਸਾਧਨਾਵਾਂ ਅਪਨਾਉਂਦੇ ਹਨ।

ਗਰੀਬੀ ਦੂਰ ਕਰਨ ਲਈ
ਪਰੇਸ਼ਾਨੀਆਂ ਦੂਰ ਕਰਨ ਲਈ
ਸਰੀਰਕ ਬੀਮਾਰੀਆਂ ਤੋਂ ਬਚੇ ਰਹਿਣ ਲਈ
ਚਿੰਤਾ, ਡਰ, ਫ਼ਿਕਰ ਦੂਰ ਕਰਨ ਲਈ
ਲੜਾਈ-ਝਗੜੇ ਖਤਮ ਕਰਨ ਲਈ
ਅਨੇਕਾਂ ਰੁਕਾਵਟਾਂ ਤੇ ਵਿਘਨ ਦੂਰ ਕਰਨ ਲਈ
ਈਰਖਾ ਦਵੈਤ ਖਤਮ ਕਰਨ ਲਈ
ਪਰਾਈ ਟੇਕ ਤੋਂ ਛੁਟਕਾਰਾ ਪਾਉਣ ਲਈ
ਵੈਰੀਆਂ ਤੋਂ ਬਚਣ ਲਈ
ਅਉਗਣਾਂ ਨੂੰ ਦੂਰ ਕਰਨ ਲਈ
ਮਨ ਦੀ ਆਸਾ ਤੇ ਤ੍ਰਿਸ਼ਨਾ ਦੂਰ ਕਰਨ ਲਈ
ਪਾਪਾਂ ਤੋਂ ਬਚਣ ਲਈ
ਪਾਪਾਂ ਨੂੰ ਧੋਣ ਲਈ
ਨਰਕ ਤੋਂ ਬਚਣ ਲਈ

ਮਾਨਸਿਕ ਰੋਗਾਂ ਦੀ ਨਵਿਰਤੀ ਲਈ
ਜਮਾਂ ਦੀ ਮਾਰ ਤੋਂ ਬਚਣ ਲਈ
ਵਿਕਾਰਾਂ ਦੇ ਘੁੰਮਣ-ਘੇਰ ਤੋਂ ਨਿਕਲਣ ਲਈ
ਜਨਮ ਮਰਣ ਦੇ ਗੇੜ ਤੋਂ ਬਚਣ ਲਈ
ਕੁਦਰਤੀ ਸ਼ਕਤੀਆਂ ਦੀ ਕਰੋਪੀ ਤੋਂ ਬਚਣ ਲਈ

ਜਾਂ

ਦੁਨਿਆਵੀ ਇਛਾਵਾਂ ਦੀ ਪੂਰਤੀ ਲਈ
ਆਪਣੇ ਅਉਗਣ ਛੁਪਾਉਣ ਲਈ
ਆਪਣੀ ਵਡਿਆਈ ਕਰਾਉਣ ਲਈ
ਧਨ-ਜੋਬਨ ਦੀ ਪ੍ਰਾਪਤੀ ਲਈ
'ਭਲੇ-ਭਲੇਰੇ' ਬਣਨ ਲਈ
ਦਿਮਾਗੀ ਗਿਆਨ ਵਧਾਉਣ ਲਈ
ਗਿਆਨ-ਗੋਸਟੀ ਵਿਚ 'ਸਿੰਗ ਅੜਾਉਨ' ਲਈ
ਫਲਸਫ਼ੇ ਦੇ 'ਅਖਾੜਿਆਂ' ਵਿਚ ਜਿਤ ਪ੍ਰਾਪਤ ਕਰਨ ਲਈ
ਸਰੀਰਕ ਸੁਖਾਂ ਲਈ
ਭਵਸਾਗਰ ਤੋਂ ਤਰਨ ਲਈ
ਕਾਰਜ ਰਾਸ ਕਰਨ ਲਈ
ਮਾਇਕੀ ਸਵਾਰਥ ਲਈ
ਸੰਸਾਰਕ ਪਦਾਰਥਾਂ ਦੇ ਰਸ ਭੋਗ ਲਈ
ਪਰਵਾਰ ਦੇ ਵਾਧੇ ਤੇ ਸੁਧਾਰ ਲਈ
ਚੜ੍ਹਦੀਆਂ ਕਲਾਂ ਵਾਲੇ ਜੀਵਨ ਲਈ
ਧਰਮ ਦੇ ਫੈਲਾਉ ਲਈ
ਸਹੀ ਜੀਵਨ-ਜੁਗਤੀ ਸਿਖਣ ਲਈ
ਸੰਸਾਰਕ ਤੇ ਧਾਰਮਿਕ ਵਿਦਿਅਕ ਪ੍ਰਾਪਤੀਆਂ ਲਈ
ਕੁਦਰਤ, ਆਤਮਾ ਤੇ ਸਰੀਰ ਦੇ ਗੁੱਝੇ ਭੇਦ ਜਾਣਨ ਲਈ
ਸਵਰਗ ਦੀ ਪ੍ਰਾਪਤੀ ਲਈ
ਮੁਕਤੀ ਹਾਸਲ ਕਰਨ ਲਈ
ਆਪਣਾ ਫਰਜ਼ ਪਹਿਚਾਨਣ ਲਈ
ਚੰਗਾ ਆਚਰਣ ਬਨਾਉਣ ਲਈ
ਮਨ ਦੇ ਟਿਕਾਉ ਲਈ

ਮਾਨਸਿਕ ਸ਼ਾਂਤੀ ਲਈ
ਇਸ਼ਟ ਦਾ ਆਸਰਾ ਗ੍ਰਹਿਣ ਕਰਨ ਲਈ
ਦੁਖੀਆਂ ਅਤੇ ਲੋੜਵੰਦਾਂ ਦੀ ਸੇਵਾ ਕਰਨ ਲਈ
ਦੈਵੀ ਗੁਣ ਗ੍ਰਹਿਣ ਕਰਨ ਲਈ
ਮਾਇਆ ਦੇ ਭਰਮ-ਭੁਲਾਵੇ ਤੋਂ ਨਿਕਲਣ ਲਈ
ਆਤਮਿਕ ਗਿਆਨ ਦੇ ਪ੍ਰਕਾਸ਼ ਲਈ
ਪ੍ਰਭੂ ਪ੍ਰੇਮ ਦੀ ਪ੍ਰਾਪਤੀ ਲਈ

ਪਰ ਦੇਖਣ ਵਿਚ ਆਇਆ ਹੈ, ਕਿ **'ਧਰਮ' ਅਪਨਾਉਣ ਤੋਂ ਬਾਦ ਭੀ**, ਨਾ ਤੇ ਸਾਡੇ ਅੰਦਰੋਂ ਅਉਗਣ ਤੇ ਵਿਕਾਰ **ਘਟਦੇ ਹਨ**. ਅਤੇ ਨਾ ਹੀ ਗੁਣਾਂ ਵਿਚ **ਵਾਧਾ** ਨਜ਼ਰ ਆਉਂਦਾ ਹੈ, ਸਗੋਂ ਸਮੁਚੇ ਸੰਸਾਰ ਵਿਚ, ਇਤਨੇ ਧਰਮ ਤੇ ਧਰਮ-ਪ੍ਰਚਾਰ ਹੁੰਦਿਆਂ ਹੋਇਆਂ, ਸਾਡੀ ਸਾਮਾਜਿਕ, ਧਾਰਮਿਕ ਤੇ ਅਧਿਆਤਮਕ ਜੀਵਨ ਵਿਚ **ਹੋਰ ਵੀ ਗਿਰਾਵਟ ਆ ਰਹੀ ਹੈ** ! ਹੋਰ ਤਾਂ ਹੋਰ, ਜਗਤ ਵਿਚ ਧਰਮ ਦਾ ਬੋਲ-ਬਾਲਾ ਤਾਂ ਕੀ ਹੋਣਾ ਸੀ, ਸਗੋਂ **'ਇਨਸਾਨੀਅਤ' ਵੀ ਅਲੋਪ ਹੁੰਦੀ ਜਾਂਦੀ ਹੈ** !

ਮਾਇਆ ਦੇ ਭਰਮ-ਭੁਲੇਖਿਆਂ ਵਿਚੋਂ ਉਤਪੰਨ ਹੋਏ ਦੁਖ-ਕਲੇਸ਼ਾਂ ਤੋਂ ਬਚਣ ਲਈ ਅਤੇ ਪ੍ਰਭੂ ਦੀ ਸੁਖਦਾਈ ਸ਼ਰਣ ਵਲ **ਪ੍ਰੇਰਨ** ਲਈ, ਗੁਰਬਾਣੀ ਇਉਂ ਅਗਵਾਈ ਕਰਦੀ ਹੈ :—

"ਜਾ ਕਉ ਮੁਸਕਲੁ ਅਤਿ ਬਣੈ, ਢੋਈ ਕੋਇ ਨ ਦੇਇ ॥
ਲਾਗੂ ਹੋਇ ਦੁਸਮਨਾ, ਸਾਕ ਭਿ ਭਜਿ ਖਲੇ ॥
ਸਭੋ ਭਜੈ ਆਸਰਾ, ਚੁਕੈ ਸਭੁ ਅਸਰਾਉ ॥
**ਚਿਤਿ ਆਵੈ ਓਸੁ ਪਾਰਬ੍ਰਹਮੁ, ਲਗੈ ਨ ਤਤੀ ਵਾਉ ॥ ੧ ॥**
ਸਾਹਿਬ ਨਿਤਾਣਿਆ ਕਾ ਤਾਣੁ ॥
ਆਇ ਨ ਜਾਈ ਥਿਰੁ ਸਦਾ, ਗੁਰ ਸਬਦੀ ਸਚੁ ਜਾਣੁ ॥ ੧ ॥ ਰਹਾਉ ॥
ਜੇ ਕੋ ਹੋਵੈ ਦੁਬਲਾ, ਨੰਗ ਭੁਖ ਕੀ ਪੀਰ ॥
ਦਮੜਾ ਪਲੈ ਨ ਪਵੈ, ਨਾ ਕੋ ਦੇਵੈ ਧੀਰ ॥
ਸੁਆਰਥੁ ਸੁਆਉ ਨ ਕੋ ਕਰੇ, ਨਾ ਕਿਛੁ ਹੋਵੈ ਕਾਜੁ ॥
**ਚਿਤਿ ਆਵੈ ਓਸੁ ਪਾਰਬ੍ਰਹਮੁ, ਤਾ ਨਿਹਚਲੁ ਹੋਵੈ ਰਾਜੁ ॥ ੨ ॥**
ਜਾ ਕਉ ਚਿੰਤਾ ਬਹੁਤੁ ਬਹੁਤੁ, ਦੇਹੀ ਵਿਆਪੈ ਰੋਗੁ ॥
ਗ੍ਰਿਸਤਿ ਕੁਟੰਬਿ ਪਲੇਟਿਆ, ਕਦੇ ਹਰਖੁ ਕਦੇ ਸੋਗੁ ॥
ਗਉਣੁ ਕਰੇ ਚਹੁ ਕੁੰਟ ਕਾ, ਘੜੀ ਨ ਬੈਸਣੁ ਸੋਇ ॥

**ਚਿਤਿ ਆਵੈ ਓਸੁ ਪਾਰਬ੍ਰਹਮੁ, ਤਨੁ ਮਨੁ ਸੀਤਲੁ ਹੋਇ ॥ ੩ ॥**
ਕਾਮਿ ਕਰੋਧਿ ਮੋਹਿ ਵਸਿ ਕੀਆ, ਕਿਰਪਨ ਲੋਭਿ ਪਿਆਰੁ ॥
ਚਾਰੇ ਕਿਲਵਿਖ ਉਨਿ ਅਘ ਕੀਏ, ਹੋਆ ਅਸੁਰ ਸੰਘਾਰੁ ॥
ਪੋਥੀ ਗੀਤ ਕਵਿਤ ਕਿਛੁ, ਕਦੇ ਨ ਕਰਨਿ ਧਰਿਆ ॥
**ਚਿਤਿ ਆਵੈ ਓਸੁ ਪਾਰਬ੍ਰਹਮੁ, ਤਾ ਨਿਮਖ ਸਿਮਰਤ ਤਰਿਆ ॥੪॥"**
(ਪੰਨਾ—70-71)

'ਪ੍ਰਭ ਸਿਮਰਤੁ ਕਛੁ ਬਿਘਨ ਨ ਲਾਗੈ ॥'
'ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥
ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥'
'ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥'
'ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ ॥'
'ਪ੍ਰਭ ਕਉ ਸਿਮਰਹਿ ਸੇ ਬੇਮੁਹਤਾਜੇ ॥' (ਪੰਨਾ—262-3)

**'ਧਰਮ' ਦਾ ਵਿਸ਼ਾ—ਅਤਿ ਡੂੰਘਾ, ਗੁੜ੍ਹਾ, ਸੂਖਮ, ਆਤਮਿਕ 'ਭੇਦ' ਵਾਲਾ ਹੋਣ ਕਰਕੇ** ਸਾਡੀ ਮਾਇਕੀ **ਅਲਪ-ਬੁੱਧੀ ਦੀ ਪਕੜ ਤੋਂ ਪਰੇ ਹੈ।** (Beyond intellectual comprehension).

ਏਹੋ ਕਾਰਨ ਹੈ, ਕਿ **'ਧਰਮ' ਦੇ ਪ੍ਰਤੀ**

ਅਗਿਆਨਤਾ
ਗ਼ਲਤ-ਫ਼ੈਹਮੀਆਂ
**ਭੁਲੇਖੇ**
**ਵਿਤਕਰੇ**
**ਦਿਖਾਵਾ**
**ਪਖੰਡ,**

**ਫੈਲਿਆ ਹੋਇਆ ਹੈ,** ਜਿਸ ਕਾਰਨ ਸਾਡੀ **ਧਾਰਮਿਕ ਘਾਲਨਾ,** ਕਰਮ-ਕਿਰਿਆ, ਜਪ, ਤਪ, ਹਠ ਆਦਿ, ਸਾਰੇ

**ਲਾਭਹੀਣ**
**ਫੋਕੇ**
**ਅਜਾਈਂ**
**ਦਿਖਾਵੇ ਮਾਤਰ**
**ਮੁਰਦਾ ਸਾਧਨ**

**ਹੀ ਬਣ ਕੇ ਰਹਿ ਜਾਂਦੇ ਹਨ।**

"ਧਿਆਨ ਲਗਾਇ ਠਗਿਓ ਸਭ ਲੋਗਨ,
ਸੀਸ ਜਟਾ ਨਖ ਹਾਥ ਬਢਾਏ ॥
ਲਾਜ ਗਈ ਕਛੁ ਕਾਜ ਸਰਿਓ ਨਹਿ,
**ਪ੍ਰੇਮ ਬਿਨਾ ਪ੍ਰਭੁ ਪਾਨ ਨ ਆਏ॥"**

(33 ਸਵੱਈਏ ਪਾ: ੧੦—18)

"ਆਂਖਨ ਮੀਚ ਰਹੈ ਬਕ ਕੀ ਜਿਮ,
**ਲੋਗਨ ਏਕ ਪ੍ਰਪੰਚ ਦਿਖਾਇਓ ॥**
ਨਿਆਤ ਫਿਰਿਓ ਸਿਰ ਬਧਿਕ ਜਿਉਂ ਅਸ,
ਧਿਆਨ ਬਿਲੋਕ ਬਿੜਾਲ ਲਜਾਇਓ ॥
ਲਾਗ ਫਿਰਿਓ ਧਨ ਆਸ ਜਿਤੈ ਤਿਤ,
**ਲੋਕ ਗਇਓ ਪਰਲੋਕ ਗਵਾਇਓ ॥**
**ਸ੍ਰੀ ਭਗਵੰਤ ਭਜਿਓ ਨ ਅਰੇ ਜੜ੍ਹ,**
ਧਾਮ ਕੇ ਕਾਮ ਕਹਾਂ ਉਰਝਾਇਓ ॥"

(33 ਸਵੱਈਏ ਪਾ: ੧੦—31)

ਇਹਨਾਂ ਭਰਮ-ਭੁਲੇਖਿਆਂ ਵਿਚ ਕੀਤੇ 'ਧਾਰਮਿਕ ਕਰਮ ਕਿਰਿਆ' ਤੋਂ

ਉਚੇਰਾ
ਸੁਚੇਰਾ
ਚੰਗੇਰਾ
ਨਿਰਮਲ
ਨਿਰਬਾਣ
ਗੁਪਤ
ਗੈਬੀ
ਇਕੱ-ਇਕ
ਇਲਾਹੀ
ਬਿਸਮਾਦ ਰੂਪੀ
ਰਸ ਰੂਪੀ
ਰੰਗ-ਰੂਪੀ
ਪ੍ਰੇਮ-ਰੂਪੀ
ਸਬਦੁ-ਰੂਪੀ
ਨਾਮੁ-ਰੂਪੀ

**'ਆਤਮਿਕ ਧਰਮੁ'** ਪ੍ਰਥਾਇ ਗੁਰਬਾਣੀ, ਇਉਂ ਰੋਸ਼ਨੀ ਪਾਉਂਦੀ ਹੈ :—

"ਕੇਵਲ ਕਰਮ ਭਰਮ ਸੇ ਚੀਨਹੁ, **ਧਰਮ ਕਰਮ ਅਨੁਰਾਗੋ ॥**"

(ਰਾਮਕਲੀ ਪਾ: ੧੦)

"ਨਾਨਕ ਹਰਿ ਕੀਰਤਨੁ ਕਰਿ, **ਅਟਲ ਏਹੁ ਧਰਮ ॥**" (ਪੰਨਾ—299)

"ਬਲਿਓ ਚਰਾਗੁ ਅੰਧ੍ਯਾਰ ਮਹਿ, ਸਭ ਕਲਿ ਉਧਰੀ **ਇਕ ਨਾਮ ਧਰਮ ॥**"

(ਪੰਨਾ—1387)

ਸੰਸਾਰ ਦੇ ਪੰਜਾਂ ਤੱਤਾਂ ਵਿਚੋਂ **'ਅਗਨੀ'** ਭੀ ਇਕ ਤੱਤ ਹੈ। ਇਹ 'ਅਗਨੀ ਤੱਤ' ਸੰਸਾਰ ਦੇ ਜੀਵਨ ਦੇ ਹਰ 'ਪੱਖ' ਵਿਚ ਗੁੱਝੇ ਤੌਰ ਤੇ ਪ੍ਰਵੇਸ਼ ਅਤੇ ਪਰਵਿਰਤ ਹੈ। ਸੰਸਾਰ ਨੂੰ ਇਹ 'ਅਗਨੀ ਤੱਤ' ਸੂਰਜ ਕੋਲੋਂ ਮਿਲਿਆ ਹੈ। ਸੂਰਜ ਦੇ ਅਨੇਕਾਂ ਹੋਰ ਗੁਣ ਹਨ ਅਤੇ ਇਹਨਾਂ ਸਾਰਿਆਂ ਗੁਣਾਂ ਵਿਚ ਭੀ, ਅਗਨੀ 'ਤੱਤ', ਪ੍ਰਵਿਰਤ ਹੈ। ਮਿਸਾਲ ਦੇ ਤੌਰ ਤੇ ਸਾਡੇ ਸਾਰੇ ਜੀਵਾਂ ਵਿਚ 'ਜੋ ਜਠਰ ਅਗਨੀ' ਹੈ - ਉਹ ਭੀ **ਏਸੇ 'ਅਗਨੀ-ਤੱਤ' ਦੀ ਹੀ ਅੰਸ ਅਤੇ ਸਰੂਪ ਹੈ।**

ਬਨਸਪਤੀ ਵਿਚ ਜੋ 'ਅਗਨੀ' ਗੁਝੇ ਤੌਰ ਤੇ ਛੁਪੀ ਹੋਈ ਹੈ - ਉਹ ਭੀ ਇਸ **'ਅਗਨੀ-ਤੱਤ' ਦੀ ਹੀ ਪ੍ਰਤੀਕ ਹੈ।**

"ਸਗਲ ਬਨਸਪਤਿ ਮਹਿ ਬੈਸੰਤਰੁ,
ਸਗਲ ਦੂਧ ਮਹਿ ਘੀਆ ॥" (ਪੰਨਾ—617)

ਏਸੇ ਤਰ੍ਹਾਂ ਬਨਸਪਤੀ ਦੀ ਲਕੜ-ਘਾਹ-ਫੂਸ-ਪਤਿਆਂ ਵਿਚ ਭੀ ਇਹ ਅਗਨੀ 'ਲੁਕੀ' ਹੋਈ ਹੈ। ਇਸ ਗੁੱਝੇ 'ਅਗਨੀ-ਤੱਤ' ਨੂੰ **ਜਗਾਉਣ ਜਾਂ ਪ੍ਰਗਟ ਕਰਨ ਲਈ**, ਬਾਹਰੋਂ ਕਿਸੇ **'ਅਗਨੀ' ਦੇ 'ਲਾਂਬੇ' ਦੀ ਲੋੜ ਹੈ। ਬਾਹਰਲੇ 'ਲਾਂਬੇ' ਤੋਂ ਬਗੈਰ, ਲਕੜ ਨੂੰ ਅੱਗ ਨਹੀਂ ਲਗ ਸਕਦੀ**, ਅਤੇ ਵਿਚਲਾ 'ਅਗਨੀ-ਤੱਤ' **ਗੁਝਾ ਹੀ ਲੁਕਿਆ ਰਹਿੰਦਾ ਹੈ।**

(A spark is necessary to *ignite and* manifest the *latent fire* hidden in all types of fuels, like wood' coal, petroleum etc.

ਐਨ ਇਸ ਤਰ੍ਹਾਂ, ਅਕਾਲ ਪੁਰਖ **'ਪ੍ਰੇਮ ਸਰੂਪ'** ਹੈ। ਤਦੇ ਉਸ ਨੂੰ

**'ਪ੍ਰੇਮ-ਪੁਰਖ'**
**'ਅਤਿ-ਪ੍ਰੀਤਮ'**
**'ਰੰਗ-ਰਤਾ'**
**'ਲਾਲ-ਪਿਆਰਾ'**
**'ਰੰਗੀਲਾ'**
**'ਪ੍ਰੇਮ-ਪਿਰੀ'**

ਆਦਿ **ਲਫ਼ਜ਼ਾਂ ਨਾਲ ਯਾਦ ਕੀਤਾ ਜਾਂਦਾ ਹੈ।**

ਪ੍ਰਮਾਤਮਾ ਦੇ ਅਨੇਕਾਂ ਗੁਣ ਹਨ ਅਤੇ ਇਹਨਾਂ **ਸਾਰਿਆਂ ਗੁਣਾਂ ਵਿਚ ਆਤਮਿਕ 'ਪ੍ਰੇਮ' ਦੀ 'ਅੰਸ' ਪ੍ਰਵੇਸ਼ ਹੈ।**

ਇਹ ਇਲਾਹੀ

**'ਪ੍ਰੀਤ ਡੋਰੀ'**
ਪ੍ਰੇਮ ਕਣੀ
ਪ੍ਰੇਮ ਅੰਸ
ਪ੍ਰੇਮ ਸਵੈਪਨਾ
ਪਿਆਰ ਖਿਚ
ਪਿਆਰ-ਤਾਰ
ਪਿਆਰ-ਤਾਂਘ,

ਕਾਇਨਾਤ ਦੇ **ਜ਼ਰੇ-ਜ਼ਰੇ ਵਿਚ**, **'ਕਵਾਉ', 'ਹੁਕਮ'**, **'ਨਾਮ'** ਰਾਹੀਂ **ਪ੍ਰਵੇਸ਼ ਹੋ ਕੇ, ਰਵਿ-ਰਹੀ-ਭਰਪੂਰ ਹੈ।**

"ਜਤ੍ਰ ਤਤ੍ਰ ਦਿਸਾ ਵਿਸਾ, ਹੋਇ ਫੈਲਿਓ ਅਨੁਰਾਗ ॥" (ਜਾਪੁ ਪਾ: ੧੦)

"ਆਪੇ ਹੁਕਮਿ ਵਰਤਦਾ ਪਿਆਰਾ,
ਆਪੇ ਹੀ ਫੁਰਮਾਣੁ ॥" (ਪੰਨਾ—606)

"ਸਭ ਮਹਿ ਵਸੈ ਅਤੀਤੁ ਅਨਰਾਗੀ ॥" (ਪੰਨਾ—1128-29)

"ਰੰਗਿ ਰਤਾ ਮੇਰਾ ਸਾਹਿਬ, ਰਵਿ ਰਹਿਆ ਭਰਪੂਰਿ ॥" (ਪੰਨਾ---23)

ਇਸ ਤਰ੍ਹਾਂ, ਇਹ ਇਲਾਹੀ **'ਪ੍ਰੇਮ-ਅਗਨੀ'** ਸਾਡੇ ਹਰ ਇਕ ਜੀਵ ਦੇ ਅੰਤ੍ਰ-ਆਤਮੇ-**ਗੁਝੇ ਤੌਰ ਤੇ ਪ੍ਰਵੇਸ਼ ਹੈ**—ਪਰ ਸਾਡੇ **ਮਾਇਕੀ ਭਰਮ-ਭੁਲਾਵੇ ਦੇ 'ਬਦਲਾਂ' ਹੇਠ ਲੁਕੀ ਹੋਈ ਹੈ।**

ਇਹ ਇਲਾਹੀ **'ਪ੍ਰੇਮ ਸਵੈਪਨਾ'—ਅਨੁਭਵੀ ਆਤਮਿਕ ਮੰਡਲ ਦੀ ਵਸਤੂ ਹੈ**, ਜੋ ਸਾਡੀ ਮਾਇਕੀ ਅਲਪ ਬੁੱਧੀ ਦੀ ਸਮਝ ਤੇ **ਪਕੜ ਤੋਂ ਪਰੇ ਹੈ।**

ਇਸ ਅੰਤਰ-ਆਤਮੇ **'ਪ੍ਰੇਮ-ਸਵੈਪਨਾ' ਨੂੰ ਜਗਾਉਣ ਯਾ** ਬਾਹਰਵਾਰ ਪ੍ਰਗਟਾਉਣ ਲਈ, ਕੋਈ ਬਾਹਰਲੀ **'ਪ੍ਰੇਮ-ਚਿੰਗਿਆੜੀ' ਦੀ 'ਜਾਗ', 'ਛੋਹ', 'ਨਦਰਿ-ਕਰਮ' ਦੀ ਲੋੜ ਹੈ**, ਜੋ ਸਿਰਫ਼ ਗੁਰਮੁਖ-ਪਿਆਰੇ, 'ਤਤ-**ਜੋਗ**-ਕੇ-ਬੇਤੇ' ਮਹਾਂਪੁਰਖਾਂ ਦੁਆਰਾ ਹੀ ਹੋ ਸਕਦੀ ਹੈ।

**"ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ,
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥"** (ਪੰਨਾ—694)

ਪਿਆਰ-**ਖਿਚ ਨੂੰ ਮਹਿਸੂਸ ਕਰਨਾ**

ਪ੍ਰੇਮ ਵਿਚ **ਖਿਚੇ ਜਾਣਾ**
ਪ੍ਰੇਮ ਸਵੈਪਨਾ ਦਾ **ਰਸ ਮਾਣਨਾ**
ਆਤਮ ਗਿਆਨ ਦਾ **ਪ੍ਰਕਾਸ਼ ਹੋਣਾ**
ਪਿਰਮ-ਰਸ ਵਿਚ **ਅਲਮਸਤ ਹੋਣਾ**
**ਪ੍ਰੀਤ-ਡੋਰੀ ਵਿਚ ਪ੍ਰੋਤੇ ਜਾਣਾ**
**'ਸਬਦੁ' ਵਿਚ ਤਾਰੀਆਂ ਲਾਉਣੀਆਂ**
**'ਨਾਮ' ਦਾ ਰੰਗ ਮਾਣਨਾ**

**ਹੀ – ਇਲਾਹੀ :**

**ਇਕੋ-ਇਕ**
**ਸਰਬੱਗ**
**ਅਟੱਲ**
**ਅਭੁਲ**

**ਸਾਰੇ 'ਵਿਸ਼ਵ' ਦਾ 'ਆਤਮਿਕ ਧਰਮੁ' ਹੈ ।**

**"ਸਤਗੁਰ ਮਤਿ ਪਰਥਾਉ,**
**ਸਦਾ ਅਨੁਰਾਗੁ ਹੈ ॥**
**ਪਿਰਮ ਪਿਆਲੇ ਸਾਉ,**
**ਮਸਤਕਿ ਭਾਗ ਹੈ ॥"** (ਵਾ: ਭਾ: ਗੁ: 3/13)

ਏਸੇ **ਅੰਤਰ-ਮੁਖੀ 'ਆਤਮਿਕ ਧਰਮੁ'** ਦੇ
ਬੁੱਝਣ
ਸੀਝਨ
ਪਹਿਚਾਨਣ
ਕਮਾਉਣ
ਮਾਣਨ
ਸਮਾਉਣ

ਲਈ, ਬਾਹਰਲੇ **'ਮਾਨਸਿਕ ਧਰਮ' ਰਚੇ ਗਏ ਸਨ ।** ਇਹਨਾਂ ਧਰਮਾਂ ਦੇ ਬਾਹਰਲੇ ਪਾਠ, ਪੂਜਾ, ਵਿਚਾਰ, ਕਰਮ-ਕ੍ਰਿਆ, ਮਰਿਆਦਾ, ਲਿਬਾਸ, ਧਾਰਮਿਕ ਚਿੰਨ੍ਹ, ਕੇਵਲ ਅੰਦਰਲੀ ਸੂਖਮ, ਅਦ੍ਰਿਸ਼ਟ ਆਤਮਿਕ ਭਾਵਨਾ, ਜਾਂ ਦੈਵੀ ਗੁਣਾਂ ਨੂੰ, **ਪ੍ਰਗਟ ਕਰਨ ਲਈ, ਸਥੂਲ 'ਸੰਕੇਤ' ਹੁੰਦੇ ਹਨ ।** ਪਰ, ਅਸੀਂ ਇਹਨਾਂ 'ਸੰਕੇਤਾਂ ਨੂੰ ਨਾ ਸਮਝਦੇ ਹੋਏ, **ਸਿਰਫ਼ 'ਚਿਨ੍ਹਾਂ' ਨੂੰ ਲਿਪਟ ਕੇ 'ਧਰਮੀ' ਬਣੇ ਬੈਠੇ ਹਾਂ ।** ਜਿਸ ਗਹਿਰੇ

**ਮਨੋਰਥ ਨਾਲ**, ਗੁਰੂਆਂ ਅਵਤਾਰਾਂ ਨੇ ਸਾਨੂੰ ਇਹ ਚਿੰਨ੍ਹ ਆਦਿ ਬਖਸ਼ੇ ਸਨ, ਉਹਨਾਂ ਦੀ ਅੰਦਰਲੀ, ਦੈਵੀ, ਸੂਖਮ, ਸਵਾਦਲੀ, **'ਮੂਲ-ਭਾਵਨਾ' ਤੋਂ ਵਾਂਝੇ ਹੋ ਕੇ, ਬਾਹਰਲੇ ਬਾਹਰਲੇ ਕਰਮ-ਕਾਂਡਾਂ ਦੇ ਜਾਲ ਵਿਚ ਫਸ ਕੇ**, ਆਪਣੀ ਬਹੁਤ ਸਾਰੀ ਘਾਲਨਾ, ਸਮਾਂ, ਪੈਸਾ ਗਵਾ ਬੈਠਦੇ ਹਾਂ।

ਮਿਸਾਲ ਦੇ ਤੌਰ ਤੇ ਧਾਰਮਿਕ ਅਸਥਾਨਾਂ ਦੇ ਇਰਦ ਗਿਰਦ ਇਸ਼ਨਾਨ ਲਈ ਸਰੋਵਰ ਬਣੇ ਹੋਏ ਹਨ। ਇਨ੍ਹਾਂ ਵਿਚ ਮੱਛੀਆਂ ਹੁੰਦੀਆਂ ਹਨ। ਇਹ ਸਰੋਵਰ ਅਤੇ ਮੱਛੀ ਇਹ ਇਸ਼ਾਰਾ ਕਰਦੇ ਹਨ ਕਿ ਪ੍ਰਮਾਤਮਾ ਦਾ ਨਾਮ ਇਕ ਅਥਾਹ ਠੰਡਾ ਤੇ ਨਿਰਮਲ ਜਲ ਹੈ, ਜਗਿਆਸੂ ਨੂੰ ਮੱਛੀ ਦੀ ਨਿਆਈ, ਹਮੇਸ਼ਾਂ ਆਪਣੀ ਸੁਰਤ ਨੂੰ, 'ਨਾਮ' ਵਿਚ ਪਰੋ ਕੇ ਰਖਣਾ ਹੈ, ਨਹੀਂ ਤਾਂ **ਜਗਿਆਸੂ-ਰੂਪ ਮੱਛਲੀ, 'ਪ੍ਰਭੂ-ਪ੍ਰੇਮ' ਦੇ ਜਲ ਵਿਚੋਂ ਨਿਕਲ ਕੇ ਮਰ ਜਾਵੇਗੀ।** ਇਕੋ ਸਰੋਵਰ ਵਿਚ ਸਾਰਿਆਂ ਦਾ ਇਸਨਾਨ ਕਰਨਾ—ਇਸ ਗੱਲ ਦਾ ਵੀ ਲਖਾਇਕ ਹੈ, ਕਿ **ਰੱਬ ਸਭ ਦਾ ਸਾਂਝਾ ਹੈ**, ਤੇ **ਇਕ ਹੈ**, ਅਤੇ ਅਸੀਂ ਜਾਤ,ਪਾਤ ਅਤੇ ਹੋਰ ਅਨੇਕਾਂ **ਵਿਤਕਰੇ** ਛਡ ਕੇ **ਸਾਂਝੀਵਾਲਤਾ ਅਤੇ ਆਪਸੀ ਪ੍ਰੇਮ ਪਿਆਰ ਦੇ ਭਾਗੀ ਬਣਨਾ ਹੈ।**

ਇਹੀ 'ਦੈਵੀ-ਸੋਧ' ਗੁਰੂ ਕੇ ਸਾਂਝੇ ਲੰਗਰ ਵਿਚੋਂ ਮਿਲਦੀ ਹੈ।

"ਸਭੇ ਸਾਝੀਵਾਲ ਸਦਾਇਨਿ, ਤੂ ਕਿਸੈ ਨ ਦਿਸਹਿ ਬਾਹਰਾ ਜੀਉ ॥"

(ਪੰਨਾ—97)

"ਏਕੁ ਪਿਤਾ, ਏਕਸ ਕੇ ਹਮ ਬਾਰਿਕ, ਤੂ ਮੇਰਾ ਗੁਰਹਾਈ ॥"

(ਪੰਨਾ—611)

"ਤੂੰ ਜਲਨਿਧਿ, ਹਉ ਜਲ ਕਾ ਮੀਨੁ ॥
ਜਲ ਮਹਿ ਰਹਉ, ਜਲਹਿ ਬਿਨੁ ਖੀਨੁ ॥"

(ਪੰਨਾ—323-24)

"ਏਕ ਹੀ ਕੀ ਸੇਵ, ਸਭ ਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ, ਸਬੈ ਏਕੈ ਜੋਤ ਜਾਨਬੋ ॥"

(ਅਕਾਲ ਉਸਤਤਿ ਪਾ: ੧੦—85)

ਪਰ ਬੇਅੰਤ ਧਾਰਮਿਕ ਪਾਠ, ਪੂਜਾ, **ਕਰਮ ਕਿਰਿਆ ਕਰਦਿਆਂ ਹੋਇਆਂ ਭੀ, ਸਰੀਰਕ, ਮਾਨਸਿਕ ਅਤੇ ਆਤਮਿਕ ਬਰਕਤਾਂ ਤੋਂ ਅਸੀਂ ਵਾਂਝੇ** ਰਹਿੰਦੇ ਹਾਂ।

"ਮਰਜ਼ ਬੜ੍ਹਤੀ ਗਈ ਜੂੰ ਜੂੰ ਦਵਾ ਕੀ !"

ਜਦ ਮਰਜ਼ ਵਧ ਜਾਂਦੀ ਹੈ ਤਾਂ ਉਸ ਦੇ ਕਾਰਨਾਂ ਦੀ ਖੋਜ ਤੇ ਸ਼ਿਨਾਖ਼ਤ

(Diagnosis) ਕੀਤੀ ਜਾਂਦੀ ਹੈ ਤਾਂ ਕਿ ਉਸ ਦਾ ਸਹੀ ਇਲਾਜ ਹੋ ਸਕੇ।

ਜੇ ਗਹੁ ਨਾਲ ਵਿਚਾਰਿਆ ਜਾਵੇ ਤਾਂ ਸਾਡੇ ਮਾਨਸਿਕ ਅਤੇ ਆਤਮਿਕ ਰੋਗ, ਦੇ ਕਾਰਨ ਇਉਂ ਪ੍ਰਤੀਤ ਹੁੰਦੇ ਹਨ :—

1. ਸਾਨੂੰ ਆਪਣੇ ਇਸ਼ਟ, ਗੁਰੂ ਜਾਂ ਰੱਬ ਦੇ ਅਸਲੀ ਸਰੂਪ ਦਾ **ਧੁੰਧਲਾ, ਅਧੂਰਾ ਜਾਂ ਗ਼ਲਤ ਗਿਆਨ ਹੁੰਦਾ ਹੈ।**
2. ਸਾਨੂੰ ਆਪਣੇ ਇਸ਼ਟ ਉਤੇ **ਓਪਰਾ ਜਿਹਾ ਭਰੋਸਾ ਹੁੰਦਾ ਹੈ** ਅਤੇ ਮਾਇਕੀ **ਆਸਰਿਆਂ ਦੀ ਪਕੜ ਜ਼ਿਆਦਾ ਹੁੰਦੀ ਹੈ।**
3. ਸਾਨੂੰ ਆਪਣੇ ਧਾਰਮਿਕ ਗ੍ਰੰਥਾਂ ਦੇ ਉਪਦੇਸ਼ ਜਾਂ ਰਚਨਾਵਾਂ ਦੇ **ਅੰਤੀਵ ਭਾਵਾਂ ਦਾ ਗਿਆਨ ਨਹੀਂ ਹੁੰਦਾ।**
4. ਇਹਨਾਂ ਰਚਨਾਵਾਂ ਜਾਂ ਬਾਣੀਆਂ ਦੇ ਅਖਰੀ-ਅਰਥ ਜਾਣਨ ਦੇ ਬਾਵਜੂਦ, ਸਾਡਾ ਪਾਠ, ਕੀਰਤਨ, **ਭਾਵਨਾ-ਰਹਿਤ ਰਸਮੀ ਰਟਨ** (Mechanical) **ਹੁੰਦਾ ਹੈ।**
5. 'ਧਾਰਮਿਕ ਸਾਧਨਾਵਾਂ' ਨੂੰ ਵੀ ਅਸੀਂ **ਠੀਕ ਨੀਯਤ ਨਾਲ ਨਹੀਂ ਅਪਨਾਉਂਦੇ,** ਸਗੋਂ **ਕੇਵਲ ਦਿਖਾਵੇ ਲਈ ਅਪਨਾਉਂਦੇ ਹਾਂ।**
6. ਭਜਨ ਬੰਦਗੀ ਦੀ **ਸੇਧ ਤੇ 'ਮੰਤਵ' ਵੀ ਗਲਤ ਹੁੰਦਾ ਹੈ।**
7. **ਦੇਵੀ 'ਖਿਚ' ਘਟ ਜਾਣ ਕਾਰਨ,** ਲਗਾਤਾਰ ਅਭਿਆਸ ਨਹੀਂ ਹੁੰਦਾ, ਅਤੇ ਫਿਰ ਆਪਣੀ **ਪੁਰਣੀ ਮਾਨਸਿਕ ਹਾਲਤ ਵਿਚ ਆ ਜਾਂਦੇ ਹਾਂ।**
8. ਬਖਸ਼ੇ ਹੋਏ ਮਹਾਂਪੁਰਖਾਂ ਦੀ ਸੰਗਤ ਨਸੀਬ ਨਹੀਂ ਹੁੰਦੀ।
9. ਜੇ ਕਿਸੇ 'ਤਤ-ਜੋਗ-ਕੇ-ਬੇਤੇ' ਗੁਰਮੁਖ ਦੀ ਸੰਗਤ ਨਸੀਬ ਵੀ ਹੁੰਦੀ ਹੈ, ਤਾਂ ਅਸੀਂ ਠੀਕ ਨੀਯਤ ਅਤੇ ਸ਼ਰਧਾ ਭਾਵਨੀ ਨਾਲ **ਲਗਾਤਾਰ ਲਾਹਾ ਨਹੀਂ ਲੈਂਦੇ।**
10. **ਦੁਖ ਆ ਜਾਣ ਕਾਰਨ ਅਸ਼ਰਧਕ ਹੋ ਕੇ, ਧਾਰਮਿਕ** ਮਾਰਗ ਦੀ **ਸਾਧਨਾ ਨੂੰ ਛੱਡ ਜਾਂਦੇ ਹਾਂ।**
11. ਧਾਰਮਿਕ **ਗਿਆਨ 'ਘੋਟਣਾ'** ਸਿਰਫ਼ ਇਕ **ਮਾਨਸਿਕ** 'ਮਨੋਰੰਜਨ', **'ਸ਼ੁਗਲ' ਅਤੇ 'ਦਿਖਾਵੇ' ਦਾ ਜ਼ਰੀਆ ਬਣ ਕੇ** ਰਹਿ **ਜਾਂਦਾ ਹੈ।**
12. ਧਾਰਮਿਕ ਉਪਦੇਸ਼ਾਂ ਦੀ ਅਸੀਂ **ਅੰਤਰਮੁਖੀ ਕਮਾਈ ਨਹੀਂ ਕਰਦੇ।**

13. ਕੇਵਲ ਸ਼ਰੀਅਤ, ਮਰਿਆਦਾ ਅਤੇ ਧਾਰਮਿਕ ਚਿਨ੍ਹਾਂ ਵਿਚ ਹੀ ਫਸ ਕੇ, **'ਲਕੀਰ ਦੀ ਫ਼ਕੀਰੀ'** ਕਰਦਿਆਂ, ਅਸੀਂ ਆਪਣਾ ਬਹੁਤ ਸਾਰਾ ਸਮਾਂ ਬਰਬਾਦ ਕਰ ਛਡਦੇ ਹਾਂ।

14. 'ਧਰਮ' ਨੂੰ ਅਸੀਂ **ਮਾਇਕੀ ਲਾਭ ਲਈ ਵਰਤਦੇ ਹਾਂ।**

15. ਧਾਰਮਿਕ ਪ੍ਰਚਾਰ ਵਿਚ **ਅਮਲੀ ਜੀਵਨ ਦੀ ਘਾਟ** ਜਾਂ ਅਣਹੋਂਦ ਕਾਰਨ, ਇਸ ਦਾ ਆਮ ਲੋਕਾਂ ਤੇ ਅਸਰ ਬਹੁਤ ਘਟ ਹੁੰਦਾ ਹੈ।

16. ਮਨ ਦੀਆਂ ਨੀਵੀਆਂ ਰੁਚੀਆਂ ਨਾਲ ਅਸੀਂ **ਲਗਾਤਾਰ ਜੰਗ** (fight) **ਨਹੀਂ ਕਰਦੇ।**

17. ਸੱਚੇ-ਸੁਚੇ **ਸਾਧ-ਸੰਗਤ ਦੇ ਪਵਿਤ੍ਰ ਮਾਹੌਲ** (Environment) ਤੋਂ **ਵਾਂਝੇ ਹਾਂ।**

18. ਰੰਗ-ਤਮਾਸ਼ਿਆਂ ਦੀ ਰੁਚੀ ਜ਼ਿਆਦਾ ਹੋਣ ਕਰਕੇ, ਧਾਰਮਿਕ ਸਾਧਨਾ ਲਈ ਸਾਡੇ ਕੋਲ **ਬਹੁਤ ਘਟ ਵਕਤ ਹੁੰਦਾ ਹੈ।**

19. ਸਾਡੀ ਨਿਤ ਦੀ 'ਕਿਰਤ' ਤੇ 'ਸੰਗਤ' ਠੀਕ ਨਾ ਹੋਣ ਕਰਕੇ, ਥੋੜੀ ਜਿਹੀ ਕੀਤੀ ਪਾਠ ਪੂਜਾ ਦਾ **ਅਸਰ ਰੋਜ਼ ਰੁੜ ਜਾਂਦਾ ਹੈ।'**

20. ਬਾਰੰਬਾਰ ਦੇ ਅਭਿਆਸ ਤੇ **ਅਮਲੀ** (Practical) **ਜੀਵਨ ਵਲ ਧਿਆਨ ਨਹੀਂ ਦਿੰਦੇ।**

21. ਸੂਖਮ ਹਉਮੈ ਕਾਰਨ, **ਧਾਰਮਿਕ ਈਰਖਾ ਤੇ ਕਟੜਤਾ ਬੜੀਆਂ ਵਡੀਆਂ ਰੁਕਾਵਟਾਂ ਬਣ ਜਾਂਦੀਆਂ ਹਨ।**

22. ਸਿਮਰਨ, ਕੀਰਤਨ, ਪਾਠ, ਕਥਾ, ਇਤਿਹਾਸ, ਸਰੀਰਕ ਸੇਵਾ ਆਦਿ ਨੂੰ **ਸਹੀ 'ਭਾਵਨਾ' ਅਤੇ ਮਾਤਰਾ** (Correct motivation and proportion) **ਵਿਚ ਨਹੀਂ ਗ੍ਰਹਿਣ ਕਰਦੇ।**

23. ਸਾਡਾ ਖਾਣਾ, ਪੀਣਾ, ਸੌਣਾ, ਪਹਿਨਣਾ ਵੀ **ਠੀਕ ਸੇਧ ਅਤੇ ਸੰਤੁਲਨ ਵਿਚ ਨਹੀਂ ਹੁੰਦਾ।**

24. ਧਾਰਮਿਕ ਸਾਧਨਾ ਨੂੰ ਅਸੀਂ **ਸਭ ਤੋਂ ਹੇਠਲਾ ਦਰਜ਼ਾ** (Lowest priority) **ਦਿਤਾ ਹੋਇਆ ਹੈ।**

25. ਆਪਣੀ ਪੂਜਾ ਕਰਾਉਣ ਲਈ, **ਰਿਧੀਆਂ, ਸਿਧੀਆਂ, ਵਰ, ਸਰਾਪ ਵਿਚ ਫਸ ਕੇ, ਆਪਣੀ ਆਤਮਿਕ ਤਰੱਕੀ ਵਿਚ, ਆਪ ਹੀ ਰੁਕਾਵਟ ਬਣ ਜਾਂਦੇ ਹਾਂ।**

26. ਬਾਹਰਮੁਖੀ ਧਿਆਨਹੀਨ ਪਾਠ-ਪੂਜਾ ਨੂੰ ਹੀ ਅਸੀਂ **'ਸੰਪੂਰਨ ਧਰਮ'** **ਸਮਝੀ ਬੈਠੇ ਹਾਂ,** ਅਤੇ **ਇਸੇ ਵਿਚ ਸੰਤੁਸ਼ਟ ਹਾਂ।**

27. ਇਸ ਧਾਰਮਿਕ **ਝੂਠੀ ਤਸੱਲੀ ਵਿਚ ਹੀ,** ਅਸੀਂ **ਭਲੇ-ਭਲੇਰੇ,** ਵਡ-ਵਡੇਰੇ ਬਣ ਕੇ **ਆਫਰੇ ਫ਼ਿਰਦੇ ਹਾਂ,** ਅਤੇ **ਹੋਰਨਾਂ ਨੂੰ ਨੀਵੀਂ ਨਜ਼ਰ ਨਾਲ ਵੇਖਦੇ ਹਾਂ।**

28. ਇਸ ਤਰ੍ਹਾਂ ਸਾਡੀ **ਧਾਰਮਿਕ-ਹੰਗਤਾ ਹੋਰ ਵੀ ਵਧ ਰਹੀ ਹੈ,** ਅਤੇ ਇਸ ਧਾਰਮਿਕ ਹੰਗਤਾ ਦੁਆਰਾ, ਅਸੀਂ **ਹੋਰਨਾਂ ਨਾਲ ਘਿਰਨਾ ਅਤੇ ਤਅੱਸੁਬ ਨਾਲ ਪੇਸ਼ ਆਉਂਦੇ ਹਾਂ।**

29. ਇਸ ਤਰ੍ਹਾਂ ਸਾਡੀ ਹਉਮੈ ਨੂੰ **ਹੋਰ 'ਪੱਠੇ ਪੈਂਦੇ'** ਹਨ ਅਤੇ ਇਸ ਪ੍ਰਬਲ ਹਉਮੈ ਨਾਲ ਅਸੀਂ **ਸਹੀ ਆਤਮਿਕ ਸੇਧ ਤੋਂ ਦੂਰ ਹੋ ਜਾਂਦੇ ਹਾਂ।**

30. **ਇਸ ਸੂਖਮ ਹਉਮੈ ਨਾਲ ਅਸੀਂ** 'ਨਾਮ' **ਤੋਂ ਵਾਂਝੇ ਰਹਿੰਦੇ ਹਾਂ।**

"**ਹਉਮੈ ਨਾਵੈ ਨਾਲਿ ਵਿਰੋਧੁ ਹੈ,**
**ਦੁਇ ਨ ਵਸਹਿ ਇਕ ਠਾਇ ॥**" (ਪੰਨਾ—560)

31. ਦੈਵੀ ਗੁਣਾਂ ਦੇ ਹੰਕਾਰ ਕਾਰਨ, ਆਪਣੀ ਪੂਜਾ ਕਰਾਉਣ ਦੀ ਇਛਾ ਬਣੀ ਰਹਿੰਦੀ ਹੈ।

ਆਮ ਤੌਰ ਤੇ ਇਹ ਵੇਖਣ ਵਿਚ ਆਇਆ ਹੈ, ਕਿ **ਅਮਲੀ-ਜੀਵਨ ਦੀ ਕਸਵਟੀ ਉਤੇ,** ਇਕ **'ਸਾਧਾਰਣ' ਮਨੁਖ,** ਅਤੇ ਧਾਰਮਿਕ ਕਰਮ-ਕ੍ਰਿਆ ਵਾਲੇ **'ਧਰਮੀ' ਵਿਚ, ਕੋਈ ਫ਼ਰਕ ਨਹੀਂ ਹੁੰਦਾ।** ਬਲਕਿ, ਸਾਧਾਰਣ ਭੋਲੇ-ਭਾਲੇ ਮਨੁਖ, **ਮਾਨਸਿਕ ਫੱਟੀ ਸਾਫ਼ ਹੋਣ ਕਾਰਨ, ਧਾਰਮਿਕ ਉਪਦੇਸ਼ ਛੇਤੀ ਗ੍ਰਹਿਣ ਕਰ ਸਕਦੇ ਹਨ।** ਦੂਜੇ ਪਾਸੇ, ਹਉਧਾਰੀ ਦਿਮਾਗੀ **ਗਿਆਨ ਦੀ ਪਾਣ ਚੜੀ ਹੋਣ ਕਰਕੇ, ਆਤਮਿਕ ਪ੍ਰਭਾਵ ਪੈਣਾ ਕਠਨ ਹੈ।**

ਅਸਲ ਵਿਚ, **'ਧਰਮ'**, ਜੀਵ ਨੂੰ :—

ਪਸ਼ੂ ਤੋਂ **'ਮਾਨਸ'**
ਮਾਨਸ ਤੋਂ **'ਦੇਵਤਾ'**
ਦੇਵਤਾ ਤੋਂ **ਗੁਰਮੁਖ ਯਾ ਹਰਿਜਨ**

ਬਨਾਉਣ ਲਈ :—

ਜ਼ਰੀਆ
ਤਰੀਕਾ

ਪਉੜੀ

ਸਾਧਨ

ਰਸਤਾ

ਜੁਗਤ

ਸੋਧ

ਜੋਗ

**ਦਸਣ ਲਈ, ਰਚੇ ਗਏ ਸਨ ।**

ਜੇਕਰ, **'ਧਰਮ'** ਨੂੰ **'ਗ੍ਰਹਿਣ'** ਕਰਕੇ, ਅਸੀਂ **'ਮਾਨਸ'** ਤੋਂ **'ਦੇਵਤੇ'** ਆਦਿ, **ਨਹੀਂ ਬਣੇ** – ਤਾਂ **ਸਾਡਾ 'ਧਰਮ' ਧਾਰਨਾ**, ਇਕ

ਦਿਖਾਵਾ

ਰੀਸ

ਪਾਖੰਡ

ਮਨ ਦੀ ਝੂਠੀ ਤਸੱਲੀ ਜਾਂ

ਸ਼ੁਗਲ

**ਹੀ ਬਣ ਕੇ ਰਹਿ ਜਾਂਦਾ ਹੈ ।**

ਇਸ ਤਰ੍ਹਾਂ, ਅਸੀਂ ਖੁਦ ਹੀ ਆਪਣੇ **'ਧਰਮ' ਦੀ 'ਹੇਠੀ' ਅਤੇ 'ਬਦਨਾਮੀ' ਦਾ ਕਾਰਨ ਬਣਦੇ ਹਾਂ ।**

ਇਨਸਾਨ ਨੂੰ, ਅਕਾਲ ਪੁਰਖ ਨੇ, **ਆਪਣੇ ਸਰੂਪ ਵਿਚ ਘੜਿਆ ਹੈ**, ਅਤੇ ਉਸ ਦੀ **ਆਤਮਿਕ ਤਰੱਕੀ ਲਈ 'ਧਰਮ' ਰਚੇ ਹਨ**– ਪਰ ਜੇ ਕਰ **'ਮਾਨਸ** ਕੀ **ਜਾਤ' ਵਿਚ ਵਿਚਰਦਿਆਂ ਹੋਇਆਂ—ਪਸ਼ੂਆਂ ਵਰਗੇ, ਕਰਮ ਕਰਦੇ ਹਾਂ,** ਤਾਂ ਅਸੀਂ ਇਸ **'ਮਨੁਖ-ਜਾਤੀ' ਦਾ 'ਅਪਮਾਨ' ਕਰਦੇ ਹਾਂ**, ਅਤੇ **ਅਕਾਲ ਪੁਰਖ ਦੀ ਬਖਸ਼ਿਸ਼ ਤੋਂ 'ਅਕ੍ਰਿਤਘਣ' ਹੁੰਦੇ ਹਾਂ ।**

**"ਕਰਤੂਤਿ ਪਸੂ ਕੀ ਮਾਨਸ ਜਾਤਿ ॥**
**ਲੋਕ ਪਚਾਰਾ ਕਰੈ ਦਿਨੁ ਰਾਤਿ ॥"** (ਪੰਨਾ— 267)

"ਪਸੂ ਮਿਲਹਿ ਚੰਗਿਆਈਆ, ਖੜੁ ਖਾਵਹਿ ਅੰਮ੍ਰਿਤੁ ਦੇਹਿ ॥
ਨਾਮ ਵਿਹੂਣੇ ਆਦਮੀ, ਧ੍ਰਿਗੁ ਜੀਵਣ ਕਰਮ ਕਰੇਹਿ ॥" (ਪੰਨਾ—489)

"ਬਿਨੁ ਸਿਮਰਨ ਜੈਸੇ ਸਰਪ ਆਰਜਾਰੀ ॥
ਬਿਨੁ ਸਿਮਰਨ ਭਏ ਕੂਕਰ ਕਾਮ ॥

ਬਿਨੁ ਸਿਮਰਨ ਜੈਸੇ ਸੀਙ ਛਤਾਰਾ ॥
ਬਿਨੁ ਸਿਮਰਨ ਗਰਧਬ ਕੀ ਨਿਆਈ ॥
ਬਿਨੁ ਸਿਮਰਨ ਕੂਕਰ ਹਰਕਾਇਆ ॥" (ਪੰਨਾ—239)

ਨਿਕੇ ਬੱਚੇ (Baby) ਨੂੰ ਮਾਂ --ਆਪਣੇ ਪਿਆਰ-ਰੂਪੀ 'ਮਮਤਾ' ਨਾਲ ਸੰਭਾਲਦੀ, ਪਾਲਦੀ-ਪੋਸਦੀ ਅਤੇ ਲਾਡ-ਲਡਾਉਂਦੀ ਹੈ ।

ਪਰ, ਉਸ ਬੱਚੇ ਨੂੰ ਜੇਕਰ ਨਰਸ ਜਾਂ ਆਯਾ (Nurse) ਨੇ ਪਾਲਣਾ ਹੋਵੇ ਤਾਂ ਭਾਵੇਂ ਬਚੇ ਦੀ ਪਾਲਣ-ਪੋਸਣ ਚੰਗੇਰੀ ਹੋਵੇਗੀ---ਪਰ 'ਬਚਾ', ਮਾਂ ਦੀ **'ਮਮਤਾ' ਵਾਲੀ ਕੋਮਲ ਤੇ ਨਿਘੀ ਪਿਆਰ-ਭਾਵਨਾ ਅਤੇ ਅਸੀਸਾਂ ਤੋਂ ਵਾਂਝਾ ਰਹੇਗਾ । ਇਸ 'ਮਾਂ ਪਿਆਰ' ਦੀ 'ਮਮਤਾ ਤੋਂ ਬਗੈਰ', ਬਚੇ ਦੀ ਪਾਲਨਾ ਅਤੇ 'ਜੀਵਨ' ਕੋਰਾ, ਫੋਕਾ ਤੇ ਅਧੂਰਾ ਰਹੇਗਾ ।**

"ਪੀਉ ਦੇ ਨਾਂਹ ਪਿਆਰ ਤੁਲਿ, ਨ ਫੁਫੀ ਨ ਪਿਤੀਏ ਤਾਏ ॥
ਮਾਊ ਹੇਤੁ ਨ ਪੁਜਨੀ, ਹੇਤ ਨ ਮਾਮੇ ਮਾਸੀ ਜਾਏ ॥"
(ਵਾ: ਭਾ: ਗੁ: 39/20)

ਇਸ ਮਿਸਾਲ ਤੋਂ ਇਹ ਸਿਧ ਹੋਇਆ ਕਿ **ਦੈਵੀ, ਕੋਮਲ, ਪ੍ਰੇਮ-ਭਾਵਨਾ ਤੋਂ ਬਗੈਰ, ਧਾਰਮਿਕ ਜੀਵਨ, ਕੋਰਾ, ਫੋਕਾ, ਅਤੇ ਅਧੂਰਾ ਰਹੇਗਾ ।**

**ਆਤਮਿਕ ਪ੍ਰੇਮ-ਭਾਵਨਾ ਤੋਂ ਬਗੈਰ,** ਅਨੇਕਾਂ ਬਾਹਰਮੁਖੀ ਧਾਰਮਿਕ ਕਰਮ-ਕਿਰਿਆ,

ਕੋਰੇ
ਰਸਮੀ
ਫਿਕੇ
ਅਧੂਰੇ
'ਬਾਦ ਸੀਗਾਰ
'ਫੋਕਟ ਫੋਕਟਈਆ'
ਬਧਾ-ਚਟੀ
ਦੇਖਾ-ਦੇਖੀ
ਰੀਸੋ-ਰੀਸੀ
ਹਉਮੈ-ਵੇੜੇ
**'ਕੂੜ-ਕਿਰਿਆ'**

**'ਦੂਜੇ ਭਾਉ' ਵਾਲੇ, 'ਮੁਰਦਾ ਸਾਧਨ' ਹੀ ਬਣੇ ਰਹਿੰਦੇ ਹਨ ।**

'ਮਾਂ' ਅਤੇ 'ਬੱਚੇ' ਵਿਚਕਾਰ—**'ਮਮਤਾ' ਦੀ ਪ੍ਰੀਤ-ਡੋਰੀ ਦਾ 'ਨਾਤਾ'** ਹੁੰਦਾ ਹੈ। ਜਦ ਕਿਸੇ ਤਰ੍ਹਾਂ ਇਹ **ਪ੍ਰੀਤ ਡੋਰੀ** ਢਿਲੀ ਪੈ ਜਾਵੇ ਤਾਂ ਇਹ **'ਮਾਂ-ਪੁਤ' ਦਾ ਨਾਤਾ ਭੀ ਢਿਲਾ ਪੈ ਜਾਂਦਾ ਹੈ,** ਅਤੇ **ਬੱਚਾ 'ਮਾਂ-ਪਿਆਰ' ਤੋਂ ਵਾਂਝਾ ਹੋ ਜਾਂਦਾ ਹੈ।**

ਏਸ ਤਰ੍ਹਾਂ, ਜੇ ਮਨੁਖ ਦੇ ਹਿਰਦੇ ਅੰਦਰ, ਇਲਾਹੀ 'ਪ੍ਰੀਤ-ਡੋਰੀ **ਢਿਲੀ ਯਾ ਟੁਟ ਜਾਵੇ** ਤਾਂ ਜੀਵ—**ਇਲਾਹੀ 'ਪ੍ਰੇਮ-ਸਵੈਪਨਾ' ਤੋਂ ਵਾਂਝਾ ਰਹਿੰਦਾ ਹੈ।** ਇਹ **'ਭੁਲਾ' ਜਾਂ 'ਗੁਆਚਾ' ਹੋਇਆ, 'ਮਨੁਖ'** (Prodigal son) **ਮਾਇਆ ਦੇ ਭਰਮ ਭੁਲਾਵੇ ਵਿਚ, 'ਆਪ ਹੁਦਰਾ' ਹੋ ਕੇ, ਜੋ ਭੀ ਕਰਮ ਕਰਦਾ ਹੈ–ਸੋ ਇਲਾਹੀ ਪ੍ਰੀਤ-ਭਾਵਨਾ ਤੋਂ 'ਖਾਲੀ' ਹੁੰਦਾ ਹੈ।**

**"ਪੀਤਿ ਨਹੀ ਜਉ ਨਾਮ ਸਿਉ, ਤਉ ਏਊ ਕਰਮ ਬਿਕਾਰ ॥"**

(ਪੰਨਾ—252)

**"ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥**
**ਕੋਟਿ ਕਰਮ ਕਰਤੋ ਨਰਕਿ ਜਾਵੈ ॥"** (ਪੰਨਾ – 240)
**"ਸੋਈ ਮਲੀਨੁ ਦੀਨੁ ਹੀਨੁ, ਜਿਸੁ ਪ੍ਰਭੁ ਬਿਸਰਾਨਾ ॥"**

(ਪੰਨਾ—813)

ਜਿਹੜੇ **ਖ਼ਿਆਲ ਯਾ ਨਿਸਚੇ** ਸਾਨੂੰ
**ਚੰਗੇ ਲਗਦੇ ਹਨ**
**ਭਾਉਂਦੇ ਹਨ**
**ਖਿਚ ਪਾਉਂਦੇ ਹਨ**

**ਉਨ੍ਹਾਂ ਨੂੰ ਅਸੀਂ ਸੁਤੇ-ਸਿਧ, ਆਪ-ਮੁਹਾਰੇ, ਅਣਜਾਣੇ ਹੀ :**

**ਮੁੜ-ਮੁੜ ਯਾਦ ਕਰਦੇ ਹਾਂ**
**ਸਿਮਰਦੇ ਹਾਂ**
**ਧਿਆਉਂਦੇ ਹਾਂ**
**ਪਿਆਰ ਕਰਦੇ ਹਾਂ**
**ਅਭਿਆਸ ਕਰਦੇ ਹਾਂ**

ਜਿਸ ਨਾਲ, ਉਹ ਖ਼ਿਆਲ ਜਾਂ ਨਿਸਚਾ ਸਾਡੇ ਮਨ, ਤਨ, ਹਿਰਦੇ, ਬੁੱਧੀ ਅੰਤਿਸ਼ਕਰਣ ਵਿਚ

**ਉਤਰ ਜਾਂਦਾ ਹੈ**
**ਧੱਸ ਜਾਂਦਾ ਹੈ**

ਵੱਸ ਜਾਂਦਾ ਹੈ

ਰਸ ਜਾਂਦਾ ਹੈ ।

ਇਹ ਜੋ ਸੰਸਾਰ ਵਿਚ

ਈਰਖਾ

ਦਵੈਤ

ਖ਼ੁਦਗਰਜ਼ੀ

ਤਅੱਸੁਬ

ਘਿਰਨਾ

ਸ਼ੱਕ

ਲੜਾਈਆਂ

ਝਗੜੇ

ਖਿਚੋਤਾਣ

ਜ਼ੁਲਮ

ਹੋ ਰਹੇ ਹਨ, ਇਹ ਸਭ ਸਾਡੇ 'ਅੰਦਰਲੇ' ਮਾਨਸਿਕ

ਰਾਮ-ਰੌਲੇ

ਰੋਲ-ਘਚੋਲੇ

ਭੜਥੂ

ਖਿੱਚੋ-ਤਾਣ

ਦਾ ਬਾਹਰਮੁਖੀ 'ਅਕਸ', 'ਪ੍ਰਤਿਬਿੰਬ' ਅਤੇ 'ਪ੍ਰਤੀਕ ਹੀ ਹੈ ।

"ਜੈਸਾ ਸੇਵੈ ਤੈਸੋ ਹੋਇ ॥" (ਪੰਨਾ—224)

(As you think—so you become)

ਅਨੁਸਾਰ—ਜਿਸ 'ਖ਼ਿਆਲ' ਯਾ 'ਨਿਸਚੇ' ਨੂੰ

ਮੁੜ-ਮੁੜ ਯਾਦ ਕਰੀਏ

ਘੋਟੀਏ

ਅਰਾਧੀਏ

ਸਿਮਰੀਏ

ਅਭਿਆਸ ਕਰੀਏ

ਪਿਆਰ ਕਰੀਏ

**ਉਹੋ ਖ਼ਿਆਲ ਯਾ ਨਿਸਚੇ ਹੀ ਸਾਡੇ ਅੰਦਰ 'ਦ੍ਰਿੜ' ਹੋ ਜਾਂਦੇ ਹਨ।** ਅਤੇ ਸਾਡੇ ਗਿਆਨ, ਇਸਟ, ਮੰਤ੍ਰ, ਕਰਮ, **ਧਰਮ ਦੀ 'ਬੁਨਿਆਦ' ਬਣ ਜਾਂਦੇ ਹਨ।**

ਹਕੀਕਤ ਇਹ ਹੈ, ਕਿ **ਕਈ ਜਨਮਾਂ ਤੋਂ ਅਸੀਂ ਮਾਇਕੀ ਭਰਮ-ਭੁਲਾਵੇ ਦੀ ਅਗਿਆਨਤਾ ਵਿਚ, ਤ੍ਰੈਗੁਣੀ ਮਾਇਕੀ-ਮੰਡਲ ਅੰਦਰ ਹੀ**

**ਪਰਵਿਰਤ**

**ਗਲਤਾਨ**

**ਖੱਚਤ**

**ਹੋ ਕੇ, 'ਝੂਠੀ' ਮਾਇਆ ਨੂੰ ਹੀ**

**ਸਿਮਰਦੇ**

**ਧਿਆਉਂਦੇ**

**ਅਭਿਆਸ ਕਰਦੇ**

**ਪਿਆਰ ਕਰਦੇ**

**ਉਪਾਸ਼ਨਾ ਕਰਦੇ**

**ਸੇਵਾ ਕਰਦੇ**

**ਹੁਕਮ ਮੰਨਦੇ**

**ਆਏ ਹਾਂ।**

ਗੱਲ ਕੀ, ਇਸੇ **'ਝੂਠੀ ਮਾਇਆ' ਨੂੰ ਹੀ ਸਭ ਕੁਝ ਸਮਝਦੇ ਹਾਂ, ਜਿਵੇਂ ਕਿਤੇ ਇਸ ਬਿਨਾਂ, ਹੋਰ ਕੋਈ 'ਸਚੁ' ਹੈ ਹੀ ਨਹੀਂ** !!

ਇਸ ਕਾਰਨ, **ਇਹ ਕੂੜੀ 'ਮਾਇਆ'**, ਸਾਡੇ ਮਨ, ਤਨ, ਹਿਰਦੇ, ਬੁੱਧੀ ਅਤੇ ਅੰਤਿਸ਼ਕਰਨ ਵਿਚ

**ਧਸ**

**ਵਸ**

**ਰਸ**

**ਚੁੱਕੀ ਹੈ**, ਅਤੇ ਇਹ **'ਝੂਠੀ ਮਾਇਆ'** ਹੀ, ਸਾਡਾ

**ਇਸ਼ਟ**

**ਗੁਰੂ**

**ਰੱਬ**

**ਗਿਆਨ**

**ਧਿਆਨ**

**ਜੀਵਨ ਆਧਾਰ**

**ਪਿਆਰ**

**ਜੀਵਨ ਸੇਧ**

**ਧਰਮ**

**ਕਰਮ**

**ਜੀਵਨ**

**ਬਣ ਚੁਕੀ ਹੈ !**

"ਦੁਬਿਧਾ ਰੋਗੁ ਸੁ ਅਧਿਕ ਵਡੇਰਾ, ਮਾਇਆ ਕਾ ਮੁਹਤਾਜੁ ਭਇਆ ॥"

(ਪੰਨਾ—1153)

"ਪਲਚਿ ਪਲਚਿ ਸਗਲੀ ਮੁਈ, ਝੂਠੈ ਧੰਧੈ ਮੋਹੁ ॥" (ਪੰਨਾ—134)

**ਇਸੇ ਮਾਇਆ ਦੀ ਹੀ** ਖਿਨ-ਖਿਨ, ਸਾਰੀ ਉਮਰ **ਅਤਿਅਤਿ ਸ਼ਰਧਾ ਭਾਵਨੀ ਅਤੇ ਲਗਨ ਨਾਲ**

**ਭਗਤੀ**

**ਪੂਜਾ**

**ਉਪਾਸ਼ਨਾ**

**ਘਾਲਨਾ**

**ਵਿਚ 'ਜੁਟੇ' ਰਹਿੰਦੇ ਹਾਂ !**

**ਐਸੀ ਘੋਰ ਮਾਇਕੀ ਅਗਿਆਨਤਾ ਦੇ ਅੰਧ ਗੁਬਾਰ ਵਿਚ, ਜੇ ਅਸੀਂ ਕੋਈ 'ਧਰਮ'** ਯਾ 'ਪਰਮਾਰਥ' **ਅਪਨਾਉਂਦੇ ਭੀ ਹਾਂ, ਤਾਂ ਉਹ ਭੀ :—**

ਓਪਰੇ ਜਿਹੇ ਮਨ ਨਾਲ

ਸ਼ਰਧਾ ਹੀਨ

ਭਾਵਨਾ ਹੀਨ

ਗਿਆਨ ਹੀਨ

ਦੇਖਾ ਦੇਖੀ

ਰੀਸੋ ਰੀਸੀ

ਦਿਖਾਵੇ ਲਈ

ਵਡਿਆਈ ਲਈ

ਹਉਮੈ ਨੂੰ ਪੱਠੇ ਪਾਉਣ ਲਈ
ਝੂਠੀ ਤਸੱਲੀ ਲਈ
**ਮਾਇਕੀ ਗ਼ਰਜ਼ਾਂ ਲਈ**
**ਸੁਆਰਥ ਦੀ ਪੂਰਤੀ ਲਈ**
**ਭੈੜੇ ਕਰਮਾਂ ਤੇ ਪੜਦਾ ਪਾਉਣ ਲਈ**
**ਪਾਪਾਂ ਨੂੰ ਢੱਕਣ ਲਈ**
**ਜਮਾਂ ਦੀ ਸਜ਼ਾ ਤੋਂ ਬਚਣ ਲਈ**
**ਨਰਕਾਂ ਤੋਂ ਬਚਣ ਲਈ**

**ਧਾਰਦੇ ਹਾਂ।**

ਇਸ '**ਸੁਆਰਥੀ**'—**ਪ੍ਰਮਾਰਥਕ ਦਸ਼ਾ** ਵਿਚ, ਇਨਸਾਨ ਨੂੰ **ਕੋਈ ਹੋਰ ਉਚੇਰੇ ਧਾਰਮਿਕ ਖ਼ਿਆਲ, ਗਿਆਨ, ਕਰਮ, ਧਰਮ,**

ਓਪਰੇ
ਫੋਕੇ
ਬੇ-ਰਸੇ
ਵਾਧੂ
ਬੇ-ਲੋੜੇ
ਵਹਿਮ
ਨਰਕ
**ਗ਼ਲਤ**

**'ਭਾਸਦੇ' ਹਨ !**

**ਇਹੋ ਕਾਰਨ ਹੈ ਕਿ :—**

**ਪਾਠ**
**ਭਜਨ**
**ਕੀਰਤਨ**
**ਸਿਮਰਨ**
**ਸਮਾਧੀ**

**ਵਿਚ ਮਨੁਖ ਦਾ ਮਨ ਨਹੀਂ ਟਿਕਦਾ ਅਤੇ ਜੁੜਦਾ !**

"ਸਾਰੋ ਦਿਨਸੁ ਮਜੂਰੀ ਕਰੈ ॥
ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ ॥" (ਪੰਨਾ—1143)

"ਬੁਰੇ ਕਾਮ ਕਉ ਊਠਿ ਖਲੋਇਆ ॥
ਨਾਮ ਕੀ ਬੇਲਾ ਪੈ ਪੈ ਸੋਇਆ ॥
ਬਿਖੈ ਨਾਦ ਕਰਨ ਸੁਣਿ ਭੀਨਾ ॥
ਹਰਿ ਜਸੁ ਸੁਨਤ ਆਲਸੁ ਮਨਿ ਕੀਨਾ ॥" (ਪੰਨਾ—738)

"ਜਿਨ ਕੇ ਚਿਤ ਕਠੋਰ ਹਹਿ, ਸੇ ਬਹਹਿ ਨ ਸਤਿਗੁਰ ਪਾਸਿ ॥
ਓਥੈ ਸਚੁ ਵਰਤਦਾ, ਕੂੜਿਆਰਾ ਚਿਤ ਉਦਾਸਿ ॥
ਓਇ ਵਲੁ ਛਲੁ ਕਰਿ ਝਤਿ ਕਢਦੇ, ਫਿਰਿ ਜਾਇ ਬਹਹਿ ਕੂੜਿਆਰਾ ਪਾਸਿ ॥" (ਪੰਨਾ—314)

ਇਸ ਤਰ੍ਹਾਂ ਅਸੀਂ **ਆਪਣੀ ਅਗਿਆਨਤਾ ਵਿਚ**, ਆਪਣੇ '**ਧਰਮ**' **ਦੀ**

**ਨਿਖੇਧੀ**
**ਬਦਨਾਮੀ**
**ਹੇਠੀ**
**ਅਪਮਾਨ**
**ਨਿਰਾਦਰੀ**
**ਮਖੌਲ**

**ਕਰਦੇ ਹਾਂ**, ਅਤੇ '**ਧਰਮ ਨੂੰ :—**

**ਦਿਮਾਗੀ ਸ਼ੁਗਲ**
**ਸੌਦਾ-ਬਾਜ਼ੀ**
**ਦਿਮਾਗੀ ਅਫ਼ੀਮ**
**ਵਹਿਮ**
**ਪਖੰਡ**
**ਕਾਲਾ ਜਾਦੂ**

**ਹੀ ਸਮਝੀ ਬੈਠੇ ਹਾਂ** !!

ਦੂਜੇ ਪਾਸੇ, ਜੇ ਕੋਈ ਸ਼ਰਧਾ-ਭਾਵਨੀ ਨਾਲ 'ਧਰਮ' ਧਾਰਦਾ ਭੀ ਹੈ, ਤਾਂ '**ਧਰਮ**' **ਦੇ 'ਅਧਿਆਤਮਕ-ਪੱਖ' ਦਾ ਪੂਰਨ 'ਅਨੁਭਵੀ-ਗਿਆਨ' ਨਾ ਹੋਣ ਕਰਕੇ**— ਜਗਿਆਸੂ, ਆਪਣੇ '**ਆਤਮ-ਪੰਧ**' **ਵਿਚ** '**ਭਟਕਦਾ**' **ਫਿਰਦਾ ਹੈ।**

ਐਸੇ ਜਗਿਆਸੂ, ਪਾਠ, ਪੂਜਾ, ਹਠ, ਧਰਮ, ਕਰਮ, ਕਿਰਿਆ ਦੁਆਰਾ **ਘਾਲਣਾ ਤਾਂ ਬਹੁਤ ਕਰਦੇ ਹਨ**—ਪਰ '**ਆਤਮਿਕ ਧਰਮ**' **ਦੀ ਸੋਧ, ਗਿਆਨ ਅਤੇ**

ਸੋਝੀ ਤੋਂ ਬਗੈਰ, ਉਹ ਭੀ **ਮਾਇਕੀ ਮੰਡਲ ਦੇ ਭਰਮ-ਭੁਲਾਵੇ ਵਿਚ ਹੀ, ਭੰਬਲ-ਭੂਸੇ ਖਾਂਦੇ ਰਹਿੰਦੇ ਹਨ** !

ਇਹ ਆਪਣੀ **ਘਾਲਣਾ ਦੇ ਆਧਾਰ ਉਤੇ :—**

ਆਤਮਿਕ ਤਰੱਕੀ ਮੰਨੀ ਬੈਠੇ ਹਨ
'ਨੇਕ' ਬਣੇ ਬੈਠੇ ਹਨ
'ਭਲੇ-ਭਲੇਰੇ' ਬਣੇ ਬੈਠੇ ਹਨ
'ਗਿਆਨੀ-ਧਿਆਨੀ' ਬਣੇ ਬੈਠੇ ਹਨ
ਪੀਰ, ਫ਼ਕੀਰ, ਅਉਲੀਏ ਅਖਵਾਉਂਦੇ ਹਨ
ਸਾਧ, ਸੰਤ, ਭਗਤ ਬਣ ਬੈਠਦੇ ਹਨ
ਰਿਧੀਆਂ ਸਿਧੀਆਂ ਵਿਚ ਫਸ ਜਾਂਦੇ ਹਨ
ਅਗਮ ਨਿਗਮ ਦੀਆਂ ਗੱਲਾਂ ਦਸਦੇ ਹਨ
ਵਰ-ਸਰਾਪ ਦਿੰਦੇ ਹਨ

ਪਰ ਇਹ ਸਭ **ਮਾਨਸਿਕ ਪ੍ਰਾਪਤੀਆਂ**, ਸਿਰਫ਼ **'ਹਉ-ਧਾਰੀ'** ਕਰਮ-ਕਿਰਿਆ **ਹੀ ਹੁੰਦੀਆਂ ਹਨ :**

"ਹਉ ਵਿਚਿ ਸਚਿਆਰੁ ਕੂੜਿਆਰੁ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥" (ਪੰਨਾ—466)

"ਸਿਧੁ ਹੋਵਾ ਸਿਧਿ ਲਾਈ, ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ, ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ, ਤੇਰਾ ਚਿਤਿ ਨ ਆਵੈ ਨਾਉ ॥" (ਪੰਨਾ—14)
"ਰਿਧਿ ਸਿਧਿ ਸਭੁ ਮੋਹੁ ਹੈ, ਨਾਮੁ ਨ ਵਸੈ ਮਨਿ ਆਇ ॥"
(ਪੰਨਾ—593)

"ਕੋਟਿ ਕਰਮ ਕਰੈ ਹਉ ਧਾਰੇ ॥
ਸ੍ਰਮੁ ਪਾਵੈ ਸਗਲੇ ਬਿਰਥਾਰੇ ॥" (ਪੰਨਾ—278)
"ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥
ਕੋਟਿ ਕਰਮ ਕਰਤੌ ਨਰਕਿ ਜਾਵੈ ॥" (ਪੰਨਾ—240)

"ਬਿਨੁ ਨਾਵੈ ਪੈਨਣੁ ਖਾਣੁ ਸਭੁ ਬਾਦਿ ਹੈ,
ਧਿਗੁ ਸਿਧੀ ਧਿਗੁ ਕਰਾਮਾਤਿ ॥" (ਪੰਨਾ—650)

**'ਹਉਧਾਰੀ' ਜਗਿਆਸੂਆਂ ਤੋਂ ਇਲਾਵਾ**, ਇਕ ਹੋਰ **ਬੁੱਧੀਜੀਵੀ ਸ਼੍ਰੇਣੀ**

**ਵੀ ਹੈ, ਜੋ 'ਧਰਮ' ਨੂੰ ਆਪੇ ਆਪਣੀ ਤੀਖਣ ਬੁੱਧੀ ਨਾਲ :—**

ਪੜ੍ਹਨਾ-ਪੜ੍ਹਾਉਣਾ
ਸਮਝਣਾ-ਸਮਝਾਉਣਾ
ਗਿਆਨ-ਘੋਟਣਾ
ਫਿਲੌਸਫ਼ੀਆਂ-ਘੋਟਣੀਆਂ
ਵਾਦ ਵਿਵਾਦ ਕਰਨਾ
ਦਿਮਾਗੀ ਸਿੰਗ ਅੜਾਉਣੇ
ਵਿਦਵਤਾ ਦਾ ਪ੍ਰਗਟਾਵਾ ਕਰਨਾ
ਵਾਲ ਦੀ ਖਲ ਉਤਾਰਨੀ
ਦਿਮਾਗੀ ਸ਼ੁਗਲ
ਬੁੱਧੀ ਦਾ ਵਿਸ਼ਾ
ਨੇਕੀ ਕਰਨੀ
ਪਰਉਪਕਾਰ ਕਰਨੇ
ਪੁੰਨ-ਦਾਨ ਕਰਨੇ
ਹਸਪਤਾਲ ਖੋਲਣੇ
ਮੰਦਰ ਬਣਾਉਣੇ
ਸਕੂਲ ਕਾਲਜ ਖੋਲਣੇ
ਲਾਇਬ੍ਰੇਰੀਆਂ ਖੋਲਣੀਆਂ
ਰੀਡਿੰਗ-ਰੂਮ ਬਣਾਉਣੇ
ਗਿਆਨ ਸਦਨ ਖੋਲਣੇ
ਪ੍ਰਚਾਰ ਕਰਨਾ
ਸੈਮੀਨਾਰ ਕਰਨੇ

**ਹੀ, 'ਇਲਾਹੀ ਧਰਮ' ਸਮਝੀ ਬੈਠੀ ਹੈ, ਅਤੇ ਐਸੇ ਲੋਕ ਏਸੇ ਵਿਚ 'ਸੰਤੁਸ਼ਟ' ਹੀ ਨਹੀਂ—ਬਲਕਿ 'ਸੂਖਮ ਹਉਮੈ' ਵਿਚ 'ਭਲੇ-ਭਲੇਰੇ', 'ਨੇਕ', 'ਪਰਉਪਕਾਰੀ' ਬਣਕੇ, ਆਫਰੇ ਫਿਰਦੇ ਹਨ !**

"ਹਉਮੈ ਵਿਚਿ ਸੇਵਾ ਨ ਹੋਵਈ, ਤਾ ਮਨੁ ਬਿਰਥਾ ਜਾਇ ॥"
(ਪੰਨਾ—560)

"ਹਉਮੈ ਵਿਚਿ ਭਗਤਿ ਨ ਹੋਵਈ, ਹੁਕਮੁ ਨ ਬੁਝਿਆ ਜਾਇ ॥"
(ਪੰਨਾ—560)

"ਹਉਮੈ ਵਿਚਿ ਸਭਿ ਪੜਿ ਥਕੇ, ਦੂਜੈ ਭਾਇ ਖੁਆਰੁ ॥" (ਪੰਨਾ—650)

"ਵਿਣੁ ਪਾਰਸੈ ਪੂਜ ਨ ਹੋਵਈ, ਵਿਣੁ ਮਨ ਪਰਚੇ ਅਵਰਾ ਸਮਝਾਏ ॥
ਗੁਰੂ ਸਦਾਏ ਅਗਿਆਨੀ ਅੰਧਾ, ਕਿਸੁ ਓਹੁ ਮਾਰਗਿ ਪਾਏ ॥"

(ਪੰਨਾ—491)

ਧਾਰਮਿਕ ਸਭਾ-ਸੁਸਾਇਟੀਆਂ, ਅਤੇ ਸੰਸਥਾਵਾਂ, (Institutions) ਵਿਦਿਅਕ ਅਸਥਾਨ ਬਣਾ ਕੇ, ਲੇਖ-ਕਿਤਾਬਾਂ ਛਪਵਾ ਕੇ :—

ਪਰਉਪਕਾਰੀ ਬਣਨਾ
ਭਲੇ-ਭਲੇਰੇ ਬਣਨਾ
ਪਾਰਗਰਾਮੀ ਬਣਨਾ
'ਮੁਖੀ' ਕਾਰਕੁਨ ਬਣਨਾ
ਕਰਤਾ-ਧਰਤਾ ਬਣਨਾ
'ਕੁਰਸੀ' ਲਈ ਲੜਨਾ
ਖਿਚੋ ਤਾਣ ਵਧਾਉਣੀ
ਪਾਰਟੀ-ਬਾਜ਼ੀ ਰਚਾਉਣੀ
ਦਿਮਾਗੀ ਸਿੰਗ ਅੜਾਉਣੇ
ਵੈਰ ਵਿਰੋਧ ਵਧਾਉਣੇ
ਰਾਮ-ਰੌਲਾ ਪਾਉਣਾ
ਨਿਜੀ ਸੁਆਰਥ ਦੀ ਪੂਰਤੀ ਕਰਨੀ
**'ਹਉਮੈ' ਨੂੰ ਪੱਠੇ ਪਾਉਣੇ**

**ਹੀ, 'ਧਰਮ'ਦੀ 'ਮੰਜ਼ਿਲ' ਸਮਝੀ ਬੈ**ਠੀਆਂ ਹਨ ।

ਇਹ **ਭਟਕਣਾ ਤੇ ਭੁਲੇਖਾ** ਜ਼ਾਹਰਾ ਤੌਰ ਤੇ ਹਰ ਜਗਾ **ਪ੍ਰਤੱਖ ਦਿਖਾਈ ਦੇ ਰਿਹਾ ਹੈ ।**

**ਕਈ ਬੁੱ**ਧੀਮਾਨ ਜਗਿਆਸੂ-ਨੇਕ-ਨੀਤੀ ਨਾਲ ਕੋਈ **ਚੰਗੇਰੀ ਅਤੇ ਉਚੇਰੀ 'ਸੇਵਾ' ਕਰਨਾ ਚਾਹੁੰਦੇ** ਹਨ-ਪਰ ਉਹਨਾਂ ਨੂੰ ਇਹ ਗਲ **ਭੁਲ ਜਾਂਦੀ ਹੈ,** ਕਿ **ਇਹ ਸਭ ਕੁਝ ਸੂਖਮ 'ਹਉਮੈ' ਦਾ ਹੀ ਪ੍ਰਗਟਾਵਾ ਹੈ,** ਅਤੇ **'ਮਾਨਸਿਕ ਭੁਲੇਖਾ'** ਅਤੇ **'ਦਿਮਾਗੀ ਸ਼ੁਗਲ' ਹੈ ।**

"ਮਾਨ ਅਭਿਮਾਨ ਮੰਧੇ, ਸੋ ਸੇਵਕੁ ਨਾਹੀ ॥
ਕਹਨ ਕਹਾਵਨ ਇਹੁ ਕੀਰਤਿ ਕਰਲਾ ॥" (ਪੰਨਾ—51)
"ਸਤੀਆਂ ਮਨਿ ਸੰਤੋਖ ਉਪਜੈ, ਦੇਣੈ ਕੈ ਵੀਚਾਰਿ ॥
ਦੇ ਦੇ ਮੰਗਹਿ ਸਹਸਾ ਗੂਣਾ, ਸੋਭ ਕਰੇ ਸੰਸਾਰੁ ॥" (ਪੰਨਾ—466)

"ਤੀਰਥ ਬਰਤ ਅਰੁ ਦਾਨ ਕਰਿ, **ਮਨ ਮਹਿ ਧਰੈ ਗੁਮਾਨੁ ॥**
ਨਾਨਕ ਨਿਹਫਲ ਜਾਤ ਤਿਹ, ਜਿਉ ਕੁੰਚਰ ਇਸਨਾਨੁ ॥"

(ਪੰਨਾ—1428)

"ਨ ਭੀਜੈ ਰਾਗੀ ਨਾਦੀ ਬੇਦਿ ॥ ਨ ਭੀਜੈ ਸੁਰਤੀ ਗਿਆਨੀ ਜੋਗਿ ॥"

(ਪੰਨਾ—1237)

**"ਕੋਟਿ ਕਰਮ ਕਰੈ ਹਉ ਧਾਰੇ ॥ ਸ੍ਰਮੁ ਪਾਵੈ ਸਗਲੇ ਬਿਰਥਾਰੇ ॥"**

(ਪੰਨਾ—278)

"ਪੜਿ ਪੜਿ ਗਡੀ ਲਦੀਅਹਿ, ਪੜਿ ਪੜਿ ਭਰੀਅਹੀ ਸਾਥ ॥
ਪੜਿ ਪੜਿ ਬੇੜੀ ਪਾਈਐ । ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ, ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ, ਪੜੀਅਹਿ ਜੇਤੇ ਸਾਸ ॥
**ਨਾਨਕ ਲੇਖੈ ਇਕ ਗਲ, ਹੋਰ ਹਉਮੈ ਝਖਣਾ ਝਾਖ ॥"**

(ਪੰਨਾ—467)

ਇਸ ਤਰਾਂ, **ਆਤਮਿਕ 'ਤਰੱਕੀ' ਦੀ ਬਜਾਇ**—ਇਹ ਜਗਿਆਸੂ, ਗੁਰਬਾਣੀ ਵਿਚ ਦਰਸਾਏ **'ਆਤਮਿਕ ਧਰਮੁ,'** ਜਾ **'ਨਾਮ' ਤੋਂ ਹੋਰ 'ਦੁਰੇਡੇ' ਜਾ ਰਹੇ ਹਨ ।**

**'ਅਮਲੀ' 'ਆਤਮਿਕ ਧਰਮੁ'** ਅਤੇ ਦਿਖਾਵੇ ਵਾਲੇ **'ਓਪਰੇ ਧਰਮ' ਵਿਚ 'ਫ਼ਰਕ' ਸਮਝਣ ਲਈ**, ਹੇਠ ਲਿਖੀ ਮਿਸਾਲ ਹੋਰ ਵੀ ਸਹਾਈ ਹੋ ਸਕਦੀ ਹੈ :—

**ਸ਼ਰਾਬੀ ਦੇ ਸਰੂਰ ਦੀ :—**

**ਮਸਤੀ**
**ਬੇ-ਪ੍ਰਵਾਹੀ**
**ਉਤਸ਼ਾਹ**
**ਉਮਾਹ**
**ਹੌਂਸਲਾ**
**ਜੋਸ਼**
**ਨਿਰਭੈਤਾ**
**ਦਲੇਰੀ**
**ਧੱਕੜ-ਸ਼ਾਹੀ**
**ਹਉਮੈ**

**ਆਦਿ, ਦੀ 'ਨੀਵੀ ਰੰਗਤ-ਉਸਦੇ ਜੀਵਨ ਦੇ ਹਰ ਪੱਖ :—**

ਸੋਚਣੀ

ਬੋਲਣੀ

ਤੱਕਣੀ

ਕਰਨੀ

ਚਾਲ

ਅਦਾ

ਵਰਤਾਉ

**ਦੁਆਰਾ-ਸਹਜ ਸੁਭਾਇ ਆਪ-ਮੁਹਾਰੇ, ਮੱਲੋ-ਮੱਲੀ, ਉਭਰ ਕੇ ਪ੍ਰਗਟ ਹੁੰਦੀ ਹੈ,** ਅਤੇ ਉਸ ਦੇ ਮਨ, ਬੁੱਧੀ, ਚਿਤ, ਸਿਆਣਪ, ਡਰ, ਭੈ **ਉਤੇ ਹਾਵੀ ਹੋਕੇ-ਪ੍ਰਗਟ ਪਹਾਰੇ ਪ੍ਰਵਿਰਤ ਹੁੰਦੀ ਹੈ।**

ਇਹ **'ਸਰੂਰ'-ਉਸ ਦੇ 'ਸ਼ਰਾਬੀ'** ਹੋਣ ਦਾ
'ਸਾਖੀ' ਯਾ **'ਸਬੂਤ'** ਹੈ।

ਜੇਕਰ **ਇਹ 'ਸਰੂਰ' ਪ੍ਰਗਟ ਨਹੀਂ ਹੁੰਦਾ,** ਤਾਂ ਉਸਨੇ **ਸ਼ਰਾਬ ਨਹੀਂ ਪੀਤੀ** ਯਾ **'ਕੁਰਲੀਆਂ ਹੀ ਕੀਤੀਆਂ ਹਨ ਪਰ ਅੰਦਰ ਨਹੀਂ ਗਈ** !! ਉਹ ਅਜੇ **ਸ਼ਰਾਬ ਦੇ ਖ਼ਿਆਲੀ ਸੁਪਨੇ ਹੀ ਲੈ ਰਿਹਾ ਹੈ,** ਯਾ **ਸ਼ਰਾਬ ਦਾ** 'ਸਰੂਰ'-**ਉਸਦੇ** 'ਦਿਮਾਗੀ **ਸ਼ੁਗਲ' ਤਾਈਂ 'ਸੀਮਤ'** ਹੈ।

ਨਸ਼ਾ ਕਿਵੇਂ ਚੜ੍ਹੇ ?
ਰੰਗ ਕਿਵੇਂ ਖਿੜੇ ?
ਮਸਤੀ ਕਿਵੇਂ ਆਵੇ ?
ਜੋਸ਼ ਕਿਵੇਂ ਚੜ੍ਹੇ ?
ਦਲੇਰੀ ਕਿਵੇਂ ਗੱਜੇ ?

**'ਸਰੂਰ' ਦੀ 'ਮਸਤੀ' ਹੀ, ਸ਼ਰਾਬੀ ਦਾ**
**'ਨਿਜੀ ਅਮਲੀ ਧਰਮ' ਹੈ,** ਅਤੇ
ਇਸ **ਸਰੂਰ ਦਾ 'ਰੰਗ-ਰਸ' ਮਾਣਨਾ ਹੀ, ਉਸਦਾ**
**'ਧਰਮ ਕਮਾਉਣਾ' ਹੈ।**

ਏਸੇ ਤਰਾਂ, ਹੋਰ ਕਈ ਕਿਸਮ ਦੇ ਅਮਲੀ, ਕ੍ਰੋਧੀ, ਲੋਭੀ, ਚੋਰ, ਡਾਕੂ, ਵਿਭਚਾਰੀ, ਜੂਆਰੀਏ, ਸਮਗਲਰ, ਆਦਿ **ਦੇ-'ਨਿਜੀ-ਧਰਮ' ਦੇ ਉਦਾਹਰਣ ਦਿਤੇ ਜਾ ਸਕਦੇ ਹਨ।**

ਇਹ **'ਅਮਲੀ'**-ਜੇ ਕੋਈ **ਹੋਰ ਬਾਹਰਲਾ 'ਧਰਮ' ਧਾਰਦੇ ਭੀ** ਹਨ ਤਾਂ **ਉਹ ਓਪਰਾ ਜਿਹਾ ਦਿਖਾਵੇ ਲਈ 'ਦਿਮਾਗੀ ਸ਼ੁਗਲ' ਹੀ ਹੁੰਦਾ ਹੈ।** ਉਹਨਾਂ ਦਾ **ਵੈਰਾਗ ਭੀ ਦਿਮਾਗੀ ਵਲਵਲਿਆਂ ਦਾ ਉਬਾਲਾ ਹੀ ਹੁੰਦਾ ਹੈ**, ਜਿਸ ਨੂੰ **'ਗਧਾ-ਵੈਰਾਗ' ਭੀ ਆਖਿਆ ਜਾਂਦਾ ਹੈ।**

"ਦਿਲ ਬਹਿਲਾਨੇ ਕੇ ਲਿਏ,
ਗ਼ਾਲਿਬ ਯੇ ਖ਼ਿਆਲ ਅਛਾ ਹੈ।" (ਗ਼ਾਲਿਬ)

ਮਨੁਖ ਦੇ ਜੀਵਨ ਵਿਚ ਪਰਿਵਰਤਨ ਯਾ **ਤਬਦੀਲੀ ਦਾ ਕਾਰਨ ਉਸ ਦੀ 'ਸੰਗਤ' ਹੀ ਹੁੰਦੀ ਹੈ।**

ਜੇਕਰ ਮਨੁਖ-ਸ਼ਰਾਬੀਆਂ ਦੀ ਸੰਗਤ ਕਰਨ ਨਾਲ **'ਸ਼ਰਾਬੀ' ਬਣ ਸਕਦਾ ਹੈ**, ਅਤੇ ਉਸ ਦੀ **'ਰੁਚੀ' ਬਦਲ ਕੇ ਨੀਵੇਂ ਪਾਸੇ ਵਲ ਪਲਟਾ ਖਾ ਸਕਦੀ ਹੈ**, ਤਾਂ **ਉਚੇਰੀ-ਚੰਗੇਰੀ, 'ਦੈਵੀ ਸੰਗਤ'** ਉਸ ਦੀ ਰੁਚੀ **ਪਲਟ ਕੇ ਉਚੇਰੀ** ਬਣਾ **ਸਕਦੀ ਹੈ**, ਅਤੇ ਉਸ ਨੂੰ **ਦੇਵਤਾ ਯਾ 'ਗੁਰਮੁਖ'** ਬਣਾ **ਸਕਦੀ ਹੈ।**

"ਜੋ ਜੈਸੀ ਸੰਗਤਿ ਮਿਲੈ, ਸੋ ਤੈਸੋ ਫਲੁ ਖਾਇ ॥" (ਪੰਨਾ—1369)
ਕਬਹੂ ਸਾਧ ਸੰਗਤਿ ਇਹੁ ਪਾਵੈ ॥
ਉਸੁ ਅਸਥਾਨ ਤੇ ਬਹੁਰਿ ਨ ਆਵੈ ॥" (ਪੰਨਾ—278)
"ਸਾਧ ਸੰਗਿ ਬਿਨਸੈ ਸੰਗੁ ॥" (ਪੰਨਾ—281)

ਉਪਰਲੀ ਵਿਚਾਰ ਤੋਂ ਸਪਸ਼ਟ ਹੈ, ਕਿ **ਇਨਸਾਨ ਦੇ ਜੀਵਨ ਵਿਚ ਅਸਰ-ਦਾਇਕ ਅਤੇ ਦਾਮਨਿਕ**

**ਪਰਿਵਰਤਨ**
**ਤਬਦੀਲੀ**
**ਪਲਟਾ** (Transformation)

**ਲਿਆਉਣ ਲਈ ਲਗਾਤਾਰ :—**

**ਉਚੇਰੀ**
**ਚੰਗੇਰੀ**
**ਸੱਚੀ**
**ਸੁਚੀ**
**ਆਤਮਿਕ**
ਪ੍ਰੇਮ ਸਵੇਪਨਾ

ਵਾਲੀ 'ਸਾਧ ਸੰਗਤ' ਅਤੀ ਲਾਜ਼ਮੀ ਹੈ।

"ਕਿਰਪਾ ਕਰੇ ਜਿਸੁ ਪਾਰਬ੍ਰਹਮੁ, **ਹੋਵੈ ਸਾਧੂ ਸੰਗੁ ॥**
**ਜਿਉ ਜਿਉ ਓਹੁ ਵਧਾਈਐ, ਤਿਉ ਤਿਉ ਹਰਿ ਸਿਉ ਰੰਗੁ ॥"**
(ਪੰਨਾ—71)

"ਸਾਧ ਕੈ ਸੰਗਿ ਮਿਟੇ ਸਭਿ ਰੋਗ ॥
ਪਾਰਬ੍ਰਹਮ ਸਾਧ ਰਿਦ ਬਸੈ ॥
ਨਾਨਕ ਉਧਰੈ ਸਾਧ ਸੁਨਿ ਰਸੈ ॥" (ਪੰਨਾ—272)
ਸਾਧ ਸੰਗਿ ਸਰਪਰ ਨਿਸਤਰੈ ॥ (ਪੰਨਾ—272)
"ਸਾਧ ਸੰਗਿ ਮਾਇਆ ਤੇ ਭਿੰਨ ॥" (ਪੰਨਾ—271)
"ਸਾਧ ਸੰਗਿ ਬਿਨਸੈ ਸਭ ਸੰਗੁ ॥" (ਪੰਨਾ—281)

ਦੂਜੇ ਲਫ਼ਜ਼ਾਂ ਵਿਚ, **ਜੀਵ ਦੀ 'ਬਿਰਤੀ' ਨੂੰ**

**'ਹਉਮੈ' ਵੇੜੇ ਮਾਇਕੀ ਮੰਡਲ**
**ਵਿਚੋਂ ਕੱਢ ਕੇ**
**'ਆਤਮ-ਪ੍ਰਕਾਸ਼ ਮੰਡਲ' ਯਾ 'ਨਾਮੁ'**
**ਵਿਚ ਲੈ ਜਾਣ ਲਈ**
**'ਸਾਧ ਸੰਗਤ'** ਅਤੇ
**'ਭਜੁ ਕੇਵਲ ਨਾਮ'**, ਅਥਵਾ
**'ਅਟੁਟ ਸਿਮਰਨ'**

**ਦੀ ਕਮਾਈ ਲਾਜ਼ਮੀ ਹੈ।**

ਤਦੇ ਗੁਰਬਾਣੀ ਵਿਚ :—

'ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥" (ਪੰਨਾ—12)
"ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ ॥" (ਪੰਨਾ—271)

**ਹੀ ਇਨਸਾਨ ਦਾ** :—

**ਅਸਲੀ**
**ਅਮਲੀ**
**ਗੁਪਤ**
**ਇਕੋ-ਇਕ**
**ਸਚਾ**

ਸਰਬੱਗ

ਵਿਸ਼ਵ

ਜਿਉਂਦਾ ਜਾਗਦਾ

ਰੁਣਝੁਣ ਲਾਉਂਦਾ

ਪ੍ਰੇਮ ਮਈ

ਰਸ-ਮਈ

ਚਾਉ-ਮਈ

'ਆਤਮਿਕ ਧਰਮੁ' ਦਸਿਆ ਗਿਆ ਹੈ ।

(ਚਲਦਾ...)

ਕਾਪੀਆਂ 5000, ਜੂਨ 1986

ਏਸੇ ਕਲਮ ਦੇ ਲਿਖੇ ਹੋਏ 'ਗੁਰਬਾਣੀ ਵਿਚਾਰੁ' ਦੀ ਲੜੀ ਵਿਚ ਪਹਿਲਾਂ ਹੀ 52 ਲੇਖ ਛੱਪ ਚੁਕੇ ਹਨ, ਅਤੇ ਹੋਰ ਲੇਖ ਛਪਦੇ ਰਹਿਣਗੇ। ਚਾਹਵਾਨ ਸਜਣ ਇਹ ਸਾਰੇ ਲੇਖ, ਹੇਠ ਲਿਖੇ ਪਤੇ ਤੋਂ ਪ੍ਰਾਪਤ ਕਰ ਸਕਦੇ ਹਨ।

1. ਸੈਕ੍ਰੇਟਰੀ, ਬ੍ਰਹਮ ਬੁੰਗਾ ਟ੍ਰਸਟ ਦੋਦੜ੍ਹਾ, ਪਿੰਡ : ਦੋਦੜ੍ਹਾ, ਡਾਕਖਾਨਾ : ਬਛੋਆਣਾ, (ਬਰਾਸਤਾ : ਬੁਢਲਾਡਾ), ਜ਼ਿਲ੍ਹਾ : ਬਠਿੰਡਾ (ਪੰਜਾਬ)।
2. ਡਾ. ਇੰਦਰਜੀਤ ਸਿੰਘ, ਗੁਰੂ ਨਿਵਾਸ, 2/211, ਸੁਭਾਸ਼ ਨਗਰ, ਨਵੀਂ ਦਿਲੀ, 110027, ਫ਼ੋਨ—591661
3. Surjeet Singh Badesha
   3016, 48 Street
   Calgary N.E.
   Canada—TIY—143
   Phone 280--1529
4. S. Bhupinder Singh Sidhu
   490/Phase—IV
   Mohali Distt. Ropar

ਛਾਪਕ : ਫ਼ੋਰ ਸਟਾਰ ਪ੍ਰਿੰਟਰਜ਼, ਸਰਹੰਦੀ ਗੇਟ, ਪਟਿਆਲਾ।